World Punjabi News Network
WORLD PUNJABI NEWS
ਪੰਜਾਬੀ | ਪੰਜਾਬੀ
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਸੰਯੁਕਤ ਕਿਸਾਨ ਮੋਰਚੇ ਵੱਲੋਂ 'ਕਿਸਾਨ ਸੰਮਾਨ ਯੋਜਨਾ' ਦੀ ਆਲੋਚਨਾ

## ਕਿਸਾਨਾਂ ਨੂੰ ਰਾਹਤ ਰਾਸ਼ੀ ਕੇਂਦਰ ਸਰਕਾਰ ਦਾ ਸ਼ੋਸ਼ਾ ਕਰਾਰ; ਕਿਸਾਨਾਂ ਦੀਆਂ ਮੰਗਾਂ ਜਲਦੀ ਪੂਰੀਆਂ ਕਰਨ ਦੀ ਮੰਗ



**ਨਵੀਂ ਦਿੱਲੀ।** ਸੰਯੁਕਤ ਕਿਸਾਨ ਮੋਰਚੇ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 'ਪ੍ਰਧਾਨ ਮੰਤਰੀ ਕਿਸਾਨ ਸੰਮਾਨ ਯੋਜਨਾ' ਦੀ 8ਵੀਂ ਕਿਸ਼ਤ ਜਾਰੀ ਕਰਨ ਨੂੰ ਆਪਣੀ 'ਦਿੱਖ' ਚਮਕਾਉਣ ਦੀ ਕੋਸ਼ਿਸ਼ ਦੱਸਦਿਆਂ ਇਸ ਦੀ ਆਲੋਚਨਾ ਕੀਤੀ ਹੈ। ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਇੱਕ ਪਾਸੇ ਕਰੀਬ 450 ਕਿਸਾਨ ਅੰਦੋਲਨ ਦੌਰਾਨ ਸ਼ਹੀਦੀਆਂ ਪਾ ਚੁੱਕੇ ਹਨ ਤੇ ਕਿਸਾਨ ਦਿੱਲੀ ਦੀਆਂ ਬਰੂਹਾਂ 'ਤੇ 5 ਮਹੀਨੇ ਤੋਂ ਵੱਧ ਸਮੇਂ ਤੋਂ ਡਟੇ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਤੋਂ ਹਮਦਰਦੀ ਦਾ ਇੱਕ ਵੀ ਸ਼ਬਦ ਨਹੀਂ ਸਰਿਆ ਤੇ ਹੁਣ ਕੇਂਦਰ ਸਰਕਾਰ ਕਿਸਾਨ ਸੰਮਾਨ ਯੋਜਨਾ ਦੀ ਇਹ ਕਿਸ਼ਤ ਭੇਜ ਕੇ ਕਿਸਾਨਾਂ ਦਾ ਸੰਮਾਨ ਕਰਨ ਦਾ ਦਿਖਾਵਾ ਕਰ ਰਹੀ ਹੈ। ਇਹ ਕਿਸਾਨਾਂ ਦਾ ਸੰਮਾਨ ਨਹੀਂ ਅਪਮਾਨ ਹੈ ਅਤੇ ਕਿਸਾਨਾਂ ਦਾ ਸਨਮਾਨ ਉੱਦੋਂ ਹੋਵੇਗਾ ਜਦੋਂ ਉਨ੍ਹਾਂ ਨੂੰ ਸਾਰੀਆਂ ਫਸਲਾਂ ਦੇ ਭਾਅ ਘੱਟੋ-ਘੱਟ ਸਮਰਥਨ ਮੁੱਲ 'ਤੇ ਗਾਰੰਟੀ ਕਾਨੂੰਨ ਨਾਲ ਮਿਲਣਗੇ। ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਇਸ ਸਮੇਂ ਸਾਰੇ ਦੇਸ਼ ਦੇ ਕਿਸਾਨਾਂ ਦੀ ਸਭ ਤੋਂ ਵੱਡੀ ਜ਼ਰੂਰਤ ਘੱਟੋ ਘੱਟ ਸਮਰਥਨ ਮੁੱਲ ਹੈ। ਕਿਸਾਨ ਨੂੰ ਸਖਤ ਮਿਹਨਤ ਕਰਨ ਦੇ ਬਾਵਜੂਦ ਆਪਣੀਆਂ ਫਸਲਾਂ ਦੇ ਭਾਅ ਪ੍ਰਾਪਤ ਨਹੀਂ ਹੋ ਰਹੇ। ਉਨ੍ਹਾਂ ਕਿਹਾ ਕਿ ਅੱਜ ਆਪਣੇ ਭਾਸ਼ਣ ਵਿੱਚ ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਐੱਮਐੱਸਪੀ 'ਤੇ ਕਣਕ ਦੀ ਖਰੀਦ ਪਿਛਲੇ ਸਾਲ ਮੁਕਾਬਲੇ ਇਸ ਸਾਲ 10 ਫੀਸਦ ਵਧੀ ਹੈ। ਸਰਕਾਰ ਨਾ ਤਾਂ ਜਨਤਾ ਨੂੰ ਭਰੋਸਾ ਦਿਵਾ ਸਕੀ ਹੈ ਅਤੇ ਨਾ ਹੀ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਵਿਚ ਦੱਸ ਸਕੀ ਹੈ ਕਿ ਸਾਰੇ ਕਿਸਾਨਾਂ ਨੂੰ ਸਾਰੀਆਂ ਫਸਲਾਂ 'ਤੇ ਐੱਮਐੱਸਪੀ ਮਿਲੇਗੀ। ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਭਾਸ਼ਣ ਦੌਰਾਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਦੁਨੀਆ ਦੀ ਸਭ ਤੋਂ ਵੱਡੀ ਜਨਤਕ ਵੰਡ ਪ੍ਰਣਾਲੀ ਤਹਿਤ ਭਾਰਤ ਵਿੱਚ ਅਨਾਜ ਦਿੱਤਾ ਜਾ ਰਿਹਾ ਹੈ। ਸੰਯੁਕਤ ਕਿਸਾਨ ਮੋਰਚੇ ਨੇ ਸਰਕਾਰ ਨੂੰ ਸਮਝਾਇਆ ਹੈ ਕਿ ਇਹ ਤਿੰਨ ਖੇਤੀ ਕਾਨੂੰਨ ਲਾਗੂ ਹੋਣ ਤੋਂ ਬਾਅਦ ਇਹ ਸਿਸਟਮ ਖ਼ਤਰੇ ਵਿੱਚ ਪੈ ਜਾਵੇਗਾ। ਖੇਤੀ ਸੈਕਟਰ ਵਿਚ ਕਾਰਪੋਰੇਟਾਂ ਦੇ ਦਾਖਲੇ ਅਤੇ ਜ਼ਰੂਰੀ ਵਸਤੂਆਂ 'ਤੇ ਸਟਾਕ ਲਿਮਟ ਹਟਾਏ ਜਾਣ ਤੋਂ ਬਾਅਦ ਜਨਤਕ ਵੰਡ ਪ੍ਰਣਾਲੀ ਵੀ ਬੰਦ ਹੋ ਜਾਵੇਗੀ ਅਤੇ ਦੇਸ਼ ਦੇ ਬਹੁਤੇ ਗਰੀਬ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਜਾਣਗੇ। ਸਤਨਾਮ ਸਿੰਘ ਅਜਨਾਲਾ ਨੇ ਕਿਹਾ ਕਿ ਇਹ ਬਹੁਤ ਹੀ ਨਿੰਦਣਯੋਗ ਹੈ ਕਿ ਪ੍ਰਧਾਨ ਮੰਤਰੀ ਅਤੇ ਖੇਤੀਬਾੜੀ ਮੰਤਰੀ ਨੇ ਅੱਜ ਦੇ ਪ੍ਰੋਗਰਾਮ ਵਿੱਚ ਇੱਕ ਵਾਰ ਵੀ ਸੰਘਰਸ਼ ਕਰ ਰਹੇ ਕਿਸਾਨਾਂ ਦਾ ਨਾਮ ਨਹੀਂ ਲਿਆ। ਹਰਮੀਤ ਸਿੰਘ ਕਾਦੀਆਂ ਨੇ ਕਿਹਾ ਕਿ 22 ਜਨਵਰੀ ਤੋਂ ਬਾਅਦ ਸਰਕਾਰ ਨੇ ਸੰਘਰਸ਼ ਕਰ ਰਹੇ ਕਿਸਾਨਾਂ ਨਾਲ ਗੱਲਬਾਤ ਨਹੀਂ ਕੀਤੀ। ਕਿਸਾਨ ਆਗੂ ਗੁਰਮਾਨ ਸਿੰਘ ਚੜੂਨੀ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਨੇ ਇੱਕ ਵਾਰ ਫਿਰ ਕਿਸਾਨ ਵਿਰੋਧੀ ਚਿਹਰਾ ਦਿਖਾਇਆ ਹੈ। ਆਪਣੀ ਨਾਕਾਮੀ ਛੁਪਾਉਂਦਿਆਂ ਖੱਟੜ ਨੇ ਕਿਹਾ ਹੈ ਕਿ ਪਿੰਡਾਂ 'ਚ ਕਿਸਾਨਾਂ ਕਾਰਨ ਕਰੋਨਾ ਫੈਲ ਗਿਆ ਹੈ। ਇਹ ਬਹੁਤ ਹੀ ਨਿੰਦਣਯੋਗ ਬਿਆਨ ਹੈ, ਅਸੀਂ ਇਸ ਦਾ ਵਿਰੋਧ ਕਰਦੇ ਹਾਂ।

### ਕਿਸਾਨ ਮੋਰਚਿਆਂ 'ਤੇ ਮਨਾਈ ਗਈ ਈਦ

ਅੱਜ ਦਿੱਲੀ ਦੇ ਕਿਸਾਨ ਮੋਰਚਿਆਂ 'ਤੇ ਕਿਸਾਨਾਂ ਨੇ ਮਿਲ ਕੇ ਈਦ ਮਨਾਈ ਤੇ ਮੁਸਲਿਮ ਭਾਈਚਾਰੇ ਨੂੰ ਵਧਾਈਆਂ ਦਿੱਤੀਆਂ। ਸਿੰਘੂ ਤੇ ਗਾਜ਼ੀਪੁਰ ਬਾਰਡਰਾਂ 'ਤੇ ਈਦ ਦੀ ਨਮਾਜ਼ ਪੜ੍ਹੀ ਗਈ। ਅੱਜ ਸਿੰਘੂ ਬਾਰਡਰ 'ਤੇ ਈਦ ਦਾ ਤਿਉਹਾਰ ਵੀ ਮਨਾਇਆ ਗਿਆ। ਇਸ ਅੰਦੋਲਨ ਦੀ ਸ਼ੁਰੂਆਤ ਤੋਂ ਹੀ ਮੁਸਲਮਾਨ ਭਾਈਚਾਰੇ ਨੇ ਖੁੱਲ੍ਹੇ ਦਿਲ ਨਾਲ ਸੇਵਾ ਕੀਤੀ ਹੈ। ਲੰਗਰ ਤੋਂ ਲੈ ਕੇ ਹਰ ਛੋਟੇ ਵੱਡੇ ਪ੍ਰਬੰਧ ਵਿੱਚ ਸਹਿਯੋਗ ਦਿੱਤਾ ਹੈ। ਕਿਸਾਨ ਮੋਰਚਿਆਂ ਤੇ ਈਦ ਮਨਾਉਣਾ ਉਨ੍ਹਾਂ ਤਾਕਤਾਂ ਨੂੰ ਵੀ ਸਖਤ ਜਵਾਬ ਹੈ ਜੋ ਕਿਸਾਨਾਂ ਨੂੰ ਧਰਮਾਂ ਦੀਆਂ ਨਜ਼ਰਾਂ ਤੋਂ ਵੰਡਣਾ ਚਾਹੁੰਦੇ ਹਨ।

## ਸੰਘਰਸ਼ੀ ਅਖਾੜਿਆਂ ਤੋਂ 'ਕਿਸਾਨ ਨਿਧੀ ਯੋਜਨਾ' ਡਰਾਮਾ ਕਰਾਰ

**ਚੰਡੀਗੜ੍ਹ।** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅੱਜ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 'ਕਿਸਾਨ ਨਿਧੀ ਯੋਜਨਾ' ਦੇ ਪੈਸੇ ਪਾਉਣ ਨੂੰ ਕਿਸਾਨ ਆਗੂਆਂ ਨੇ ਡਰਾਮਾ ਕਰਾਰ ਦਿੱਤਾ ਹੈ। ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੇ ਪੱਕੇ ਧਰਨੇ ਅੱਜ 226ਵੇਂ ਦਿਨ ਵੀ ਪੂਰੇ ਉਤਸ਼ਾਹ ਅਤੇ ਜੋਸ਼ ਨਾਲ ਜਾਰੀ ਰਹੇ। ਇਸ ਦੌਰਾਨ ਪ੍ਰਧਾਨ ਮੰਤਰੀ ਵੱਲੋਂ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਦੋ ਹਜ਼ਾਰ ਰੁਪਏ ਪਾਉਣ ਦੀ ਅਸਲੀਅਤ ਦਾ ਮੁੱਦਾ ਚਰਚਾ ਦਾ ਵਿਸ਼ਾ ਰਿਹਾ। ਬੁਲਾਰਿਆਂ ਨੇ ਕਿਹਾ ਕਿ 'ਕਿਸਾਨ ਨਿਧੀ ਸਕੀਮ' ਅਸਲ ਵਿੱਚ ਕਿਸਾਨਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਭਟਕਾਉਣ ਤੋਂ ਵੱਧ ਹੋਰ ਕੁੱਝ ਵੀ ਨਹੀਂ ਹੈ। ਇਸ ਦੋ ਹਜ਼ਾਰ ਰੁਪਏ ਦੀ ਰਕਮ ਨੂੰ ਪਿਛਲੇ ਸਾਲਾਂ ਦੌਰਾਨ ਡੀਜ਼ਲ, ਖਾਦਾਂ, ਕੀੜੇਮਾਰ ਦਵਾਈਆਂ, ਬੀਜਾਂ ਤੇ ਹੋਰ ਖੇਤੀ ਲਾਗਤਾਂ ਵਿੱਚ ਹੋਏ ਅਥਾਹ ਵਾਧੇ ਨਾਲ ਮੇਲ ਕੇ ਦੇਖਣ ਦੀ ਜ਼ਰੂਰਤ ਹੈ। ਲਾਗਤਾਂ ਵਿੱਚ ਹੋਏ ਇਸ ਅਥਾਹ ਵਾਧੇ ਦੇ ਮੁਕਾਬਲੇ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਵਿੱਚ ਬਿਲਕੁਲ ਨਾਂਮਾਤਰ ਵਾਧਾ ਕੀਤਾ ਗਿਆ ਹੈ। ਡੀਜ਼ਲ ਦੀ ਕੀਮਤ 100 ਰੁਪਏ ਪ੍ਰਤੀ ਲਿਟਰ ਨੂੰ ਛੂਹ ਰਹੀ ਹੈ। ਖਾਦਾਂ ਦੀਆਂ ਕੀਮਤਾਂ ਵਿੱਚ ਪਿਛਲੇ ਦਿਨੀਂ ਡੇਢ ਗੁਣਾਂ ਤੱਕ ਵਾਧਾ ਕਰ ਦਿੱਤਾ ਹੈ। ਖੇਤੀ ਲਾਗਤਾਂ ਵਿੱਚ ਇੰਨੇ ਵੱਡੇ ਵਾਧੇ ਦੇ ਮੁਕਾਬਲੇ ਆਉਂਦੇ ਸੀਜ਼ਨ ਲਈ ਝੋਨੇ ਦੀ ਐੱਮਐੱਸਪੀ ਵਿੱਚ ਮਹਿਜ਼ 72 ਰੁਪਏ ਦਾ ਵਾਧਾ ਕੀਤਾ ਹੈ, ਜੋ ਇਕੱਲੇ ਡੀਜ਼ਲ ਦੀ ਕੀਮਤ ਵਿੱਚ ਹੋਏ ਵਾਧੇ ਦੀ ਵੀ ਪੂਰਤੀ ਨਹੀਂ ਕਰਦਾ।



ਬੁਲਾਰਿਆਂ ਨੇ ਕਿਹਾ ਕਿ ਜੇ ਪ੍ਰਧਾਨ ਮੰਤਰੀ ਕਿਸਾਨਾਂ ਦਾ ਭਲਾ ਕਰਨਾ ਚਾਹੁੰਦੇ ਹਨ ਤਾਂ ਇਹ ਖੇਤੀ ਕਾਨੂੰਨ ਰੱਦ ਕਿਉਂ ਨਹੀਂ ਕਰਦੇ। ਅਸਲ ਵਿੱਚ ਦੋ ਹਜ਼ਾਰ ਰੁਪਏ ਦੇਣਾ ਖੇਤੀ ਕਾਨੂੰਨਾਂ ਵਿਰੁੱਧ ਉਠੇ ਲੋਕ ਰੋਹ ਨੂੰ ਮੱਠਾ ਕਰਨ ਦਾ ਇੱਕ ਢਕਵੰਜ ਹੈ। ਇਸ ਦੌਰਾਨ ਖੇਤੀ ਕਾਨੂੰਨ, ਬਿਜਲੀ ਸੋਧ ਬਿੱਲ-2020 ਅਤੇ ਪਰਾਲੀ ਆਰਡੀਨੈਂਸ ਰੱਦ ਕਰਵਾਉਣ ਲਈ ਕਿਸਾਨਾਂ ਵੱਲੋਂ ਸੰਘਰਸ਼ ਵਿੱਚ ਸ਼ਮੂਲੀਅਤ ਲਗਾਤਾਰ ਜਾਰੀ ਹੈ। ਨਵਾਂਸ਼ਹਿਰ, ਬਠਿੰਡਾ, ਗੁਰਦਾਸਪੁਰ ਅਤੇ ਮੋਗਾ ਸਮੇਤ ਹੋਰ ਜ਼ਿਲ੍ਹਿਆਂ ਤੋਂ ਅੱਜ ਕਿਸਾਨਾਂ ਦੇ ਦਰਜਨਾਂ ਜਥੇ ਦਿੱਲੀ ਸੰਘਰਸ਼ ਵਿੱਚ ਹਿੱਸਾ ਲੈਣ ਲਈ ਰਵਾਨਾ ਹੋਏ। ਪੰਜਾਬ ਭਰ 'ਚ ਟੌਲ ਪਲਾਜ਼ਿਆਂ, ਰਿਲਾਇੰਸ ਪੰਪਾਂ, ਕਾਰਪੋਰੇਟ ਮਾਲਜ਼, ਰੇਲਵੇ ਪਾਰਕਾਂ, ਅਡਾਨੀਆਂ ਦੀ ਖੁਸ਼ਕ ਬੰਦਰਗਾਹ ਅਤੇ ਭਾਜਪਾ ਆਗੂਆਂ ਦੇ ਘਰਾਂ ਅੱਗੇ ਜਾਰੀ ਧਰਨਿਆਂ 'ਚ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਖੱਟਰ ਵਾਰ-ਵਾਰ ਕਿਸਾਨਾਂ 'ਤੇ ਕਰੋਨਾ ਫੈਲਾਉਣ ਦਾ ਦੋਸ਼ ਲਾ ਰਹੇ ਹਨ। ਉਨ੍ਹਾਂ ਕਿਹਾ ਕਿ ਖੱਟਰ ਕੇਂਦਰ ਸਰਕਾਰ ਦੀਆਂ ਨਲਾਇਕੀਆਂ ਕਿਸਾਨਾਂ ਦੇ ਸਿਰ ਨਾ ਮੜ੍ਹਨ। ਉਨ੍ਹਾਂ ਦੁਹਰਾਇਆ ਕਿ ਕਿਸਾਨ ਦਿੱਲੀ ਦੀਆਂ ਹੱਦਾਂ 'ਤੇ ਸ਼ੌਕ ਵਜੋਂ ਨਹੀਂ ਬੈਠੇ, ਸਗੋਂ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਹਨ।

## ਵੈਕਸੀਨ ਬਣਾਉਣ ਦੀਆਂ ਇੱਛੁਕ ਕੰਪਨੀਆਂ ਦੀ ਮਦਦ ਕਰੇਗਾ ਕੇਂਦਰ

**ਨਵੀਂ ਦਿੱਲੀ।** ਕੌਮੀ ਰਾਜਧਾਨੀ ਵਿੱਚ ਸਾਰੇ ਬਾਲਗਾਂ ਦੇ ਟੀਕਾਕਰਨ ਲਈ ਉਚਿਤ ਮਾਤਰਾ ਵਿੱਚ ਵੈਕਸੀਨਾਂ ਦੀ ਉਪਲੱਬਧਤਾ ਨੂੰ ਲੈ ਕੇ ਕੇਂਦਰ ਤੇ ਦਿੱਲੀ ਸਰਕਾਰ ਦਰਮਿਆਨ ਚੱਲ ਰਹੀ ਸਿਆਸੀ ਸ਼ਬਦੀ ਜੰਗ ਦਰਮਿਆਨ ਕੇਂਦਰ ਸਰਕਾਰ ਨੇ ਅੱਜ ਕਿਹਾ ਕਿ ਉਹ ਉਨ੍ਹਾਂ ਸਾਰੀਆਂ ਕੰਪਨੀਆਂ ਨੂੰ ਹਰ ਸੰਭਵ ਸਹਾਇਤਾ ਦੇਣ ਲਈ ਤਿਆਰ ਹੈ, ਜੋ ਟੀਕਿਆਂ ਦੀ ਸਪਲਾਈ ਵਧਾਉਣ ਦੇ ਇਰਾਦੇ ਨਾਲ ਵੈਕਸੀਨ ਉਤਪਾਦਨ ਦੇ ਇੱਛੁਕ ਹਨ। ਸਰਕਾਰ ਨੇ ਹਾਲਾਂਕਿ ਨਾਲ ਹੀ ਸਾਫ਼ ਕਰ ਦਿੱਤਾ ਕਿ ਭਾਰਤ ਵਿੱਚ ਵਿਕਸਤ 'ਕੋਵੈਕਸੀਨ' ਟੀਕੇ ਨੂੰ ਤਿਆਰ ਕਰਨ ਲਈ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਲੈਬਾਰਟਰੀ ਦੀ ਵੱਡੀ ਲੋੜ ਹੈ, ਜੋ ਕਿ ਵੱਡੀ ਗਿਣਤੀ ਵੈਕਸੀਨ ਨਿਰਮਾਤਾਵਾਂ ਕੋਲ ਨਹੀਂ ਹੈ। ਕੇਂਦਰ ਸਰਕਾਰ ਨੇ ਦਿੱਲੀ ਸਰਕਾਰ ਦੇ ਇਸ ਦਾਅਵੇ ਨੂੰ ਵੀ ਖਾਰਜ ਕਰ ਦਿੱਤਾ ਕਿ ਹੈਦਰਾਬਾਦ ਸਥਿਤ ਭਾਰਤ ਬਾਇਓਟੈੱਕ ਨੇ ਕੇਜਰੀਵਾਲ ਸਰਕਾਰ ਨੂੰ 'ਕੋਵੈਕਸੀਨ' ਦੀਆਂ ਵਾਧੂ ਖੁਰਾਕਾਂ ਦੇਣ ਤੋਂ ਨਾਂਹ ਕੀਤੀ ਸੀ। ਕੇਂਦਰ ਸਰਕਾਰ ਨੇ ਕਿਹਾ ਕਿ ਕੌਮੀ ਰਾਜਧਾਨੀ ਨੂੰ 15 ਲੱਖ ਤੋਂ ਵੱਧ ਵੈਕਸੀਨਾਂ ਮਿਲੀਆਂ ਹਨ ਤੇ ਉਸ ਦੀ ਭੂਮਿਕਾ ਰਾਜਾਂ ਨੂੰ ਸਹੂਲਤਾਂ ਮੁਹੱਈਆ ਕਰਵਾਉਣ ਵਾਲੀ ਹੈ। ਚੇਤੇ ਰਹੇ ਕਿ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਮੰਗਲਵਾਰ ਨੂੰ ਕੇਂਦਰ ਸਰਕਾਰ ਨੂੰ ਲਿਖੇ ਪੱਤਰ ਵਿੱਚ ਦਾਅਵਾ ਕੀਤਾ ਸੀ ਕਿ ਸਬੰਧਤ ਸਰਕਾਰੀ ਅਧਿਕਾਰੀਆਂ ਦੀਆਂ ਹਦਾਇਤਾਂ 'ਤੇ ਭਾਰਤ ਬਾਇਓਟੈੱਕ ਕੌਮੀ ਰਾਜਧਾਨੀ ਨੂੰ 'ਕੋਵੈਕਸੀਨ' ਦੀਆਂ ਵਾਧੂ ਖੁਰਾਕਾਂ ਦੇਣ ਤੋਂ ਇਨਕਾਰੀ ਹੈ। ਸਿਸੋਦੀਆ ਨੇ ਕਿਹਾ ਸੀ ਕਿ ਵੈਕਸੀਨ ਨਿਰਮਾਤਾ ਦੇ ਰੁਖ਼ ਤੋਂ ਸਾਫ਼ ਹੈ ਕਿ ਕੇਂਦਰ ਸਰਕਾਰ ਵੈਕਸੀਨ ਸਪਲਾਈ ਨੂੰ ਕੰਟਰੋਲ ਕਰ ਰਹੀ ਹੈ। ਨੀਤੀ ਆਯੋਗ (ਸਿਹਤ) ਦੇ ਮੈਂਬਰ ਵੀ.ਕੇ.ਪੌਲ ਨੇ ਕੇਂਦਰੀ ਸਿਹਤ ਮੰਤਰਾਲੇ ਵੱਲੋਂ ਵਿਉਂਤੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਦੀ ਭੂਮਿਕਾ ਸਹੂਲਤਾਂ ਮੁਹੱਈਆ ਕਰਵਾਉਣ ਦੀ ਹੈ। ਉਨ੍ਹਾਂ ਕਿਹਾ, ''ਅਸੀਂ ਕਿਸੇ ਖਾਸ ਸੂਬੇ ਨੂੰ ਵੈਕਸੀਨ ਦੀ ਸਪਲਾਈ ਨਾ ਦੇਣ ਲਈ ਕਿਸੇ ਤਰ੍ਹਾਂ ਦਾ ਦਬਾਅ ਪਾਉਣ ਦੇ ਦੋਸ਼ਾਂ ਤੋਂ ਇਨਕਾਰ ਕਰਦੇ ਹਾਂ।'' ਉਨ੍ਹਾਂ ਕਿਹਾ ਕਿ ਅਜਿਹੇ ਦੋਸ਼ਾਂ ਨਾਲ ਵੈਕਸੀਨ ਨਿਰਮਾਤਾਵਾਂ ਦੇ ਮਨੋਬਲ 'ਤੇ ਅਸਰ ਪੈਂਦਾ ਹੈ। ਪੌਲ ਨੇ ਕਿਹਾ, ''ਅਸੀਂ ਅੱਜ ਉਨ੍ਹਾਂ ਕਰ ਕੇ ਹੀ ਇਸ ਮੁਕਾਮ/ਹੈਸੀਅਤ ਵਿੱਚ ਖੜ੍ਹੇ ਹਾਂ, ਜਿੱਥੇ ਸਾਨੂੰ ਵੈਕਸੀਨਾਂ ਲਈ ਹੋਰਨਾਂ ਮੁਲਕਾਂ ਅੱਗੇ ਹੱਥ ਨਹੀਂ ਅੱਡਣੇ ਪੈ ਰਹੇ ਹਨ।'' ਉਨ੍ਹਾਂ ਕਿਹਾ ਕਿ ਭਾਰਤ ਬਾਇਓਟੈੱਕ ਵੱਲੋਂ ਆਪਣੀ ਉਤਪਾਦਨ ਸਮਰੱਥਾ ਵਧਾਈ ਜਾ ਰਹੀ ਹੈ ਤੇ ਇਸ ਕੰਮ ਲਈ ਸਰਕਾਰੀ ਮਾਲਕੀ ਵਾਲੇ ਤਿੰਨ ਅਦਾਰਿਆਂ ਨੂੰ ਨਾਲ ਜੋੜਿਆ ਗਿਆ ਹੈ। ਕਾਬਿਲੇਗੌਰ ਹੈ ਕਿ ਸਿਸੋਦੀਆ ਤੋਂ ਪਹਿਲਾਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਕ ਪੱਤਰ ਲਿਖ ਕੇ ਦੇਸ਼ ਵਿੱਚ ਵੈਕਸੀਨ ਉਤਪਾਦਨ ਵਧਾਉਣ ਲਈ ਵੈਕਸੀਨ ਨਿਰਮਾਤਾ ਦੋ ਕੰਪਨੀਆਂ (ਭਾਰਤੀ ਸੀਰਮ ਇੰਸਟੀਚਿਊਟ ਤੇ ਭਾਰਤ ਬਾਇਓਟੈੱਕ) ਦਾ 'ਵੈਕਸੀਨ ਫਾਰਮੂਲਾ' ਹੋਰਨਾਂ ਕੰਪਨੀਆਂ ਨਾਲ ਸਾਂਝਿਆਂ ਕੀਤੇ ਜਾਣ ਦੀ ਅਪੀਲ ਕੀਤੀ ਸੀ। ਪੌਲ ਨੇ 'ਕੋਵੈਕਸੀਨ' ਦਾ ਉਤਪਾਦਨ ਵਧਾਉਣ ਦੀ ਗੱਲ ਕਰਦਿਆਂ ਕਿਹਾ ਕਿ ਭਾਰਤ ਬਾਇਓਟੈੱਕ ਨੇ ਹੋਰਨਾਂ ਭਾਈਵਾਲਾਂ ਦੀ ਸ਼ਮੂਲੀਅਤ ਨਾਲ ਵੈਕਸੀਨ ਖੁਰਾਕਾਂ ਦਾ ਉਤਪਾਦਨ ਵਧਾਏ ਜਾਣ ਦੀ ਪੇਸ਼ਕਦਮੀ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ, ''ਉਨ੍ਹਾਂ ਵੀ ਪਹੁੰਚ ਕੀਤੀ ਹੈ ਜਦੋਂਕਿ ਇਸ ਪਹਿਲਕਦਮੀ ਲਈ ਸਾਡੇ ਕੁਝ ਸਰਕਾਰੀ ਅਦਾਰੇ ਵੀ ਜੁੜ ਗਏ ਹਨ।' ਪਿਛਲੇ ਮਹੀਨੇ ਬਾਇਓਟੈਕਨਾਲੋਜੀ ਵਿਭਾਗ (ਡੀਬੀਟੀ) ਨੇ ਕੋਵਿਡ ਸੁਰੱਕਸ਼ਾ ਮਿਸ਼ਨ ਤਹਿਤ ਸਰਕਾਰੀ ਮਾਲਕੀ ਵਾਲੇ ਤਿੰਨ ਅਦਾਰਿਆਂ ਦੀ ਮਦਦ ਨਾਲ ਕੋਵੈਕਸੀਨ ਦਾ ਉਤਪਾਦਨ ਵਧਾਉਣ ਤੇ ਮਈ-ਜੂਨ ਵਿੱਚ ਇਸ ਨੂੰ ਦੁੱਗਣਾ ਕਰਨ ਲਈ ਕਾਰਜਯੋਜਨਾ ਪੇਸ਼ ਕੀਤੀ ਸੀ।



OUR PARTNERS IN PROMOTION
WORLD PUNJABI NEWS NETWORK

whitecloud.in WHITECLOUD INTERNATIONAL
WEB PRESENCE PROVIDER


SmartBrainz EXPLORE. CHOOSE. BUY.
TECHNOLOGY PROVIDER

WORLD PUNJABI NEWS NETWORK
NEWS & MEDIA PARTNER

ADVERTISE WITH US
+91 98155 88388
worldpunjabinews@gmail.com

ਕਹਾਣੀ

# ਪੱਥਰ ਪਿਘਲ ਗਿਆ..




ਯਾਤਰੀ ਰੇਲ ਗੱਡੀ ਸਟੇਸ਼ਨ 'ਤੇ ਮਿੰਟ ਕੁ ਲਈ ਰੁਕੀ। ਤਾਰੋ ਪਿੰਕੀ ਅਤੇ ਪੱਪੂ ਨੂੰ ਲੈ ਕੇ ਸਾਮਾਨ ਸਮੇਤ ਮਸਾਂ ਚੜ੍ਹ ਸਕੀ। ਬੱਚਿਆਂ ਦੇ ਗਲਾਂ 'ਚ ਆਪਣੇ-ਆਪਣੇ ਕਿਤਾਬਾਂ ਦੇ ਬੈਗ ਸਨ। ਸਕੂਲ 'ਚ ਗਰਮੀਆਂ ਦੀਆਂ ਛੁੱਟੀਆਂ ਹੋਣ ਕਾਰਨ ਉਹ ਆਪਣੇ ਨਾਨਕੀਂ ਡੇਰੇ ਲਾਉਣ ਜਾ ਰਹੇ ਸਨ। ਬੇਸ਼ੱਕ ਉਹਦਾ ਫੌਜੀ ਪਤੀ-ਪਰਮੇਸ਼ਵਰ ਬਹਾਦੁਰ ਸਿੰਘ ਨਾਲ ਸੀ, ਪਰ ਉਹ ਖੁਦ ਨੂੰ ਮਸਾਂ ਚੜ੍ਹਿਆ ਸੀ। ਉਂਜ ਦੇਖਣ ਨੂੰ ਜਵਾਨ, ਲੰਮ-ਸਲੰਮਾ, ਸੋਹਣਾ-ਸਨੁੱਖਾ ਸੀ। ਫੌਜ ਤੋਂ ਛੇਤੀ ਰਿਟਾਇਰ ਹੋ ਕੇ ਆ ਗਿਆ ਸੀ। ਤਾਰੋ ਨੇ ਆਪਣੇ ਸਾਮਾਨ ਵਗੈਰਾ ਸੈਟ ਕਰਕੇ ਬੱਚਿਆਂ ਨੂੰ ਥਾਉਂ-ਥਾਈ ਬਿਠਾ ਦਿੱਤਾ। ਉੱਧਰ ਫੌਜੀ ਸਾਬ੍ਹ ਸੀਟ 'ਤੇ ਬਹਿਣ ਦੀ ਬਜਾਏ ਬੂਹੇ ਵਿੱਚ ਅੜ ਕੇ ਖੜ੍ਹਨ 'ਚ ਆਪਣੀ ਜ਼ਿਆਦਾ ਸ਼ਾਨ ਸਮਝਦੇ ਸੀ।

ਤਾਰੋ ਨੇ ਬੈਠਦੇ ਸਾਰ ਆਪਣੇ ਬੈਗ ਖੋਲ੍ਹਿਆ। ਤੇਲ, ਕਰੀਮ, ਕੰਘੀ, ਪਾਣੀ ਵਗੈਰਾ ਆਪਣੇ ਸਾਹਮਣੇ ਟਿਕਾਇਆ। ਪਹਿਲਾਂ ਕੁੜੀ ਦਾ ਮੂੰਹ ਆਪਣੇ ਵੱਲ ਕਰਕੇ ਉਹਨੂੰ ਸਿੱਧਾ ਕੀਤਾ। ਥੋੜ੍ਹਾ ਤੇਲ, ਪਾਣੀ ਵਾਲਾਂ 'ਚ ਲਾਇਆ। ਕੰਘੀ ਨਾਲ ਵਾਲ ਵਾਹੁਣ ਉਪਰੰਤ ਰਿਬਨ, ਸੂਈਆਂ ਲਾਈਆਂ। ਫਿਰ ਚਿਹਰੇ 'ਤੇ ਥੋੜ੍ਹੀ ਕਰੀਮ ਮਲੀ। ਇੰਜ ਪਿੰਕੀ ਨੂੰ ਫੁੱਲ ਜਿਹਾ ਬਣਾ ਕੇ ਖਿੜਕੀ ਅੱਗੇ ਬਿਠਾ ਦਿੱਤੀ। ਫਿਰ ਉਹਨੇ ਛੋਟੇ ਪੱਪੂ ਦੀ ਵਾਰੀ ਲਾਈ। ਸੀਟ ਉਤੇ ਟੱਪਦੇ ਨੂੰ ਮਸਾਂ ਕਾਬੂ ਕਰਕੇ ਸਾਹਮਣੇ ਬਿਠਾਇਆ। ਰੋਂਦਾ-ਕੁਰਲਾਉਂਦਾ ਮਸਾਂ ਸਿੱਧਾ ਹੋਇਆ। ਰੇਲ ਗੱਡੀ ਸੁਵਖਤੇ ਆਉਣ ਕਰਕੇ ਤਾਰੋ ਨੂੰ ਬੱਚੇ ਤਿਆਰ ਕਰਨ ਦਾ ਸਮਾਂ ਨਹੀਂ ਸੀ ਮਿਲਿਆ। 'ਪਰਮੇਸ਼ਵਰ' ਦੇ ਖੱਪਖਾਨੇ ਨੇ ਵੱਖਰਾ ਪਰੇਸ਼ਨ ਕੀਤਾ। ਫਿਰ ਸਵੇਰੇ-ਸਵੇਰੇ ਉੱਠ ਕੇ ਹੋਰ ਭੱਜ-ਨੱਠ ਅਲੱਗ। ਗੋਹਾ-ਕੂੜਾ ਕਰ, ਪੱਠੇ ਪਾ। ਖਾਣਾ ਤਿਆਰ ਕਰਨਾ, ਦੁੱਧ ਚੋਣਾ, ਰਿੜਕਣਾ, ਘਰ ਦੇ ਹੋਰ ਛੱਤੀ ਕੰਮ ਉਹਦੇ ਜ਼ਿੰਮੇ ਸਨ। ਕਿਤੇ ਅਚਾਨਕ ਤਾਰੋ ਦੀ ਨਿਗਾਹ 'ਪਰਮੇਸ਼ਵਰ ਜੀ' ਵੱਲ ਘੁੰਮੀ ਜੋ ਅੱਧਾ ਕੁ ਬੂਹੇ ਦੇ ਬਾਹਰ ਨੂੰ ਝੁਕਿਆ ਹੋਇਆ ਸੀ।

''ਮੈਂਖਿਆਂ ਜੀ! ਐਧਰ ਆ ਕੇ ਬੈਠ ਜਾਉ, ਖਾਲੀ ਸੀਟ 'ਤੇ, ਹੱਥ ਛੁੱਟ ਜਾਊ।'' ਤਾਰੋ ਨੇ ਡਰਦਿਆਂ-ਡਰਦਿਆਂ ਅਰਜ਼ ਗੁਜ਼ਾਰੀ।

ਫੌਜੀ ਨੇ ਉੱਪਰ ਨੂੰ ਹੁੰਦਿਆਂ ਉਹਦੇ ਵੱਲ ਕੌੜ ਮੱਝ ਵਾਂਗ ਝਾਕਿਆ।

''ਇਹ ਫੌਜੀ ਹੱਥ ਆ, ਕਿੱਦਾਂ ਛੁੱਟ ਜਾਊ? ਨਾਲੇ ਤੈਨੂੰ ਕਿਉਂ ਤਕਲੀਫ ਹੋਈ ਆ? ਹੱਥ ਮੇਰਾ, ਜਾਨ ਮੇਰੀ, ਤੇਰਾ ਕੀ? ਨਾਲੇ ਮੈਂ ਜਾਣਦਾਂ ਬਹੁਤੀ ਫਿਕਰਾਂ ਆਲੀ ਨੂੰ। ਮੇਰਾ ਮੂੰਹ ਨਾ ਖੁਲ੍ਹਾ।'' ਉਹ ਵਿਚਾਰੀ ਥਾਏ ਸੀਤ ਪੀ ਗਈ। ਮੁੜ ਉਹਦਾ ਧਿਆਨ ਪੱਪੂ 'ਤੇ ਕੇਂਦਰਿਤ ਹੋ ਗਿਆ।

''ਕਮਜ਼ਾਤ.. .. ..'' ਕਹਿ ਕੇ ਤਾਕੀ ਦੇ ਨਾਲ ਵਾਲੀ ਸੀਟ 'ਤੇ ਬਹਿ ਗਿਆ। ਅਸਿੱਧੇ ਤਰੀਕੇ ਨਾਲ ਆਪਣੇ ਕੰਨ ਫੜ ਕੇ ਉਂਜ ਉਹਨੇ ਤਾਰੋ ਦੇ ਕਹੇ ਦਾ ਅਸਰ ਵੀ ਕਰ ਲਿਆ। ਸ਼ਾਇਦ ਉਹਦੇ ਅੰਦਰਲੇ ਇਨਸਾਨ ਨੇ ਫੌਜੀ ਅੜਬਾਈ ਛੱਡਣ ਲਈ ਮਨਾ ਲਿਆ ਸੀ। ਸੀਟ 'ਤੇ ਬੈਠਦਿਆਂ ਉਹਦੀ ਸ਼ਰਾਬ ਦੀ ਹਵਾੜ ਸਾਰੇ ਡੱਬੇ 'ਚ ਫੈਲ ਗਈ। ਆਲੇ-ਦੁਆਲੇ ਬੈਠੀਆਂ ਸਵਾਰੀਆਂ ਨੂੰ ਫੌਜੀ ਦੀ ਇਹ ਹਰਕਤ ਚੁਭੀ। ਫਿਰ ਵੀ ਉਨ੍ਹਾਂ ਮਨ ਹੀ ਮਨ ਸੋਚਿਆ ਕਿ ਚਲੋ ਦੇਰ ਆਏ ਦਰੁਸਤ ਆਏ। ਹਾਲਾਂਕਿ ਤਾਰੋ ਦੇ ਚਿਹਰੇ ਤੋਂ ਕੋਈ ਸ਼ਿਕਵਾ ਵੀ ਨਹੀਂ ਸੀ ਝਲਕਦਾ। ਬੱਚਿਆਂ ਤੋਂ ਬਾਅਦ ਉਹ ਓਹਲਾ ਜਿਹਾ ਕਰਕੇ ਖੁਦ ਨੂੰ ਸੰਵਾਰਨ 'ਚ ਮਗਨ ਹੋ ਗਈ। ਪਤੀ ਦੇ ਕਹੇ ਦਾ ਉਹਨੂੰ ਕਾਹਦਾ ਗਿਲਾ, ਕਿਉਂ ਜੋ ਇਹਦੇ ਨਾਲ ਇਹ ਘਟੀਆ 'ਫੌਜੀ-ਡਰਾਮਾ' ਨਿੱਤ ਚਲਦਾ ਸੀ। ਡੱਬੇ 'ਚ ਬੈਠੀਆਂ ਸਵਾਰੀਆਂ ਲਈ ਇਹ ਨਵਾਂ ਸੀ। ਉਹ ਹੈਰਾਨ-ਪ੍ਰੇਸ਼ਾਨ ਹੋਈਆਂ ਘੁਸਰ-ਘੁਸਰ ਕਰ ਰਹੀਆਂ ਸਨ।

''ਹੈਂ! ਇਹ ਸਵੇਰੇ-ਸਵੇਰੇ ਡੱਫ ਕੇ ਚੜ੍ਹਿਆ ਹੋਇਆ।'' ਇੱਕ ਅੱਧਖੜ੍ਹ ਜਿਹੀ ਜ਼ਨਾਨੀ ਨੇ ਨਾਲ ਵਾਲੀ ਦੇ ਕੰਨ 'ਚ ਘੁਸਰ-ਮੁਸਰ ਕੀਤੀ।

''ਵੈਸੇ ਉਹਨੇ ਵਿਚਾਰੀ ਨੇ ਗੱਲ ਇਹਦੇ ਭਲੇ ਦੀ ਕਹੀ ਸੀ, ਇਹਦੇ ਪਤਾ ਨਈ ਕਿਉਂ ਲੜ ਗਈ।'' ਨਾਲ ਵਾਲੀ ਨੇ ਹੁੰਗਾਰਾ ਭਰਿਆ।

''ਪਰ ਜ਼ਮਾਨਾ ਭਾਈ ਭਲੇ ਦਾ ਨਈ। ਆਹ ਦੇਖ ਲਉ, ਚੰਗੀ ਭਲੀ ਗੱਲ ਨੂੰ ਪੁੱਠਾ ਪਾਈ ਜਾ ਰਿਹਾ।'' ਨਾਲ ਬੈਠੇ ਬਜ਼ੁਰਗ ਨੇ ਜ਼ਨਾਨੀਆਂ ਦੀ ਹਾਂ 'ਚ ਹਾਂ ਮਿਲਾਈ।.. ਫੇਰ ਆਪੇ ਇਹ ਕਹਿ ਕੇ ਗੱਲ ਖਤਮ ਕਰਨੀ ਚਾਹੀ, ''ਛੱਡੋ ਦਫਾ ਕਰੋ, ਇਹਦੀਆਂ ਇਹ ਜਾਣੇ। ਇੱਦਾਂ ਦੇ ਬੰਦੇ ਨੂੰ ਸਮਝਾਉਣਾ ਵੀ ਮੰਢਾਲੀਆਂ ਦੇ ਖੱਪਰ ਨੂੰ ਛੇੜਨ ਵਾਲੀ ਗੱਲ ਆ।'' ਇੰਜ ਕਹਿਣ ਲੱਗਿਆਂ ਉਹਨੇ ਆਵਾਜ਼ ਹੋਰ ਧੀਮੀ ਕਰ ਲਈ।

ਫੇਰ ਕਿਤੇ ਅਚਾਨਕ ਤਾਰੋ ਕੋਲੋਂ ਫੌਜੀ ਵੱਲ ਟੇਢਾ ਜਿਹਾ ਝਾਕਿਆ ਗਿਆ। ਉਹਨੇ ਜਿਉਂ ਪਹਿਲਾਂ ਹੀ ਨਿਗਾਹ ਉਸ ਉੱਤੇ ਗੱਡੀ ਹੋਈ ਸੀ। ''ਖੋਲ੍ਹਾਂ ਜੁੱਤੀ? ਟੇਢਾ-ਟੇਢਾ ਝਾਕਦੀ ਆ।'' ਫੌਜੀ ਹੱਥ ਆਏ ਮੌਕੇ ਨੂੰ ਖੁੰਝਉਣਾ ਨਹੀਂ ਸੀ ਚਾਹੁੰਦਾ। ਉਹ ਬਿਨਾਂ ਬੁਲਾਏ ਛਿੜ ਪਿਆ। ''ਸੌ ਮਾੜੀਆਂ ਜ਼ਨਾਨੀਆਂ ਜਿੰਨੀ ਇਹ ਕੱਲੀ ਆ।'' ਜਿਵੇਂ ਉਹ ਸਾਰੇ ਡੱਬੇ ਨੂੰ ਸੰਬੋਧਨ ਕਰ ਰਿਹਾ ਹੋਵੇ, ''.. ਮੋਮੋਠਗਣੀ, ਮੱਕਾਰ ਜ਼ਨਾਨੀ।''

''ਭਾਈ ਸਾਬ੍ਹ! ਇੱਕ ਮਿੰਟ ਬੁਰਾ ਨਾ ਮੰਨਿਓ। ਵੈਸੇ ਪਤੀ-ਪਤਨੀ ਦਾ ਤੁਹਾਡਾ ਮਸਲਾ ਐ, ਪਰ ਕਿਉਂ ਆਪਣੇ ਘਰ ਦੀ ਖੁਦ ਹੀ ਦਫਾ ਪੁਟਦੇ ਓ? ਇੱਦਾਂ ਤੇਰੀ ਕੋਈ ਸ਼ਾਨ ਨਈ ਬਣਦੀ। ਚਲੋ ਜੇ ਕੋਈ ਗੱਲ ਹੈ ਵੀ ਤਾਂ ਘਰ ਜਾ ਕੇ ਨਜਿੱਠ ਲਿਉ। ਉਹਨੇ ਵਿਚਾਰੀ ਨੇ ਤਾਂ ਤੁਹਾਨੂੰ ਅੱਧੀ ਨਾ ਸਾਰੀ..।'' ਬਜ਼ੁਗਰ ਨੇ ਠਰੰਮੇ ਜਿਹੇ ਨਾਲ ਫੌਜੀ ਨੂੰ ਸਮਝਾਉਣਾ ਚਾਹਿਆ।

''ਦੇਖ ਯਾਰ! ਕਿੰਨੇ ਸੋਹਣੇ ਤੇਰੇ ਲੁਟਣੇ ਜਿਹੇ ਨਿਆਣੇ ਆਂ। ਕੀ ਸੋਚਦੇ ਹੋਣਗੇ ਇਹ? ਕੱਲ੍ਹ ਨੂੰ ਵੱਡੇ ਹੋ ਕੇ ਇਹ।'' ਇੱਕ ਹੋਰ ਜਣੇ ਨੂੰ ਫੌਜੀ ਨੇ ਵਿਚਕਾਰੋਂ ਰੋਕ ਲਿਆ, ''ਕੌਣ ਨਿਆਣੇ, ਕਿਹਦੇ ਨਿਆਣੇ..?''

ਉਹਨੂੰ ਹੋਰ ਪਾਸੇ ਨੂੰ ਸਿੱਧਾ ਹੁੰਦਿਆਂ ਦੇਖ ਬਜ਼ੁਰਗ ਨੇ ਉਹਦੀ ਗੱਲ ਨੂੰ ਭਾਂਪਦਿਆਂ ਅੱਗੇ ਬੋਲਣ ਤੋਂ ਵਰਜਦਿਆਂ ਮੂੰਹ 'ਤੇ ਹੱਥ ਰੱਖਿਆ। ''ਭਾਈ ਸਾਬ੍ਹ! ਪਲੀਜ਼ ਅੱਗੇ ਨਾ ਬੋਲਿਉ, ਅਸੀਂ ਨਈ ਸੁਣ ਸਕਦੇ।'' ਬਜ਼ੁਗਰ ਨੇ ਐਤਕੀਂ ਹੱਥ ਹੀ ਜੋੜ ਦਿੱਤੇ।

ਫੌਜੀ ਨਿੰਮੋਝੂਣਾ ਜਿਹਾ ਹੋਇਆ ਚੁੱਪ ਹੋ ਗਿਆ। ਅਸਲ 'ਚ ਉਹ ਆਪਣੀ ਦੁੱਖਦੀ ਰਗ ਕਰਕੇ ਆਪਣੇ ਅੰਦਰ ਦੀ ਭੜਾਸ ਕੱਢਣਾ ਚਾਹੁੰਦਾ ਸੀ। ਉਹਦਾ ਇੱਕ ਭਰਾ ਸੀ ਤਾਰਾ। ਮਾੜੀ-ਮੋਟੀ ਖੇਤੀਬਾੜੀ ਕਰਦਾ ਸੀ। ਘਰ ਦੋ ਕੁ ਮੱਝਾਂ ਰੱਖ ਕੇ ਉਨ੍ਹਾਂ ਦਾ ਦੁੱਧ ਥੋੜ੍ਹਾ ਘਰ ਰੱਖ ਕੇ ਬਾਕੀ ਵੇਚ ਛੱਡਦਾ। ਫੌਜੀ ਵੱਡਾ ਹੋਣ ਕਰਕੇ ਤੇ ਦੂਜਾ ਨੌਕਰੀ ਕਾਰਨ ਉਹਦਾ ਵਿਆਹ ਹੋ ਗਿਆ। ਨਹੀਂ ਤਾਂ ਚਹੁੰ ਕਨਾਲਾਂ ਲਈ ਕਿਹੜਾ ਆਪਣੀ ਕੁੜੀ ਵਿਆਹੁੰਦਾ। ਫੌਜੀ ਨੇ ਬਾਰਾਂ ਕੁ ਸਾਲ ਮਸੀਂ ਨੌਕਰੀ ਕੀਤੀ ਹੋਣੀ। ਘਰ ਆ ਬੈਠਾ। ਕਿਸੇ ਨੂੰ ਪੁੱਛਿਆ ਨਾ ਦੱਸਿਆ।.. ਇਸ ਤੋਂ ਪਹਿਲਾਂ ਇੱਕ ਵਾਰ ਉਹਨੂੰ ਫੌਜ 'ਚੋਂ ਆਏ ਉਹਦੇ ਹੀ ਭਾਨੀਮਾਰ ਯਾਰ ਪ੍ਰੀਤ ਨੇ ਰਾਹ 'ਚ ਜਾਂਦੇ ਨੂੰ ਰੋਕ ਲਿਆ ਸੀ।

''ਯਾਰ! ਓਦਾਂ ਤਾਂ ਥੁਆਡੇ ਘਰ ਦੀ ਗੱਲ ਆ, ਕਰਦਾ ਚੰਗਾ ਵੀ ਨ੍ਹੀਂ ਲੱਗਦਾ, ਪਰ ਕੀ ਕਰਾਂ! ਯਾਰ ਨੂੰ ਦੱਸੇ ਬਿਨ੍ਹਾਂ ਸਬਰ ਵੀ ਨਈ ਆਉਂਦਾ। ਮਗਰੋਂ ਤਾਰੇ ਨਾਲ ਈ ਸਕੂਟਰ-ਮੋਟਰਸੈਕਲ 'ਤੇ ਉਹਦੇ ਮੋਢੇ ਛੇੜਦੀ ਰਹਿੰਦੀ ਆ। ਖੈਰ, ਚਲੋ ਅੰਦਰ ਜੋ ਮਰਜ਼ੀ ਖਿਚੜੀ ਪਕਾਈ ਜਾਣ, ਸੁਖ ਨਾਲ ਉਹਦਾ ਦਿਉਰ ਆ। ਅਖੇ ਦਿਉਰ ਭਾਬੀ ਦਾ ਗਹਿਣਾ। ਦਿਉਰ ਭਾਬੀ ਦਾ ਹੱਸਣਾ-ਖੇਡ ਚਲਦਾ, ਚੱਲੀ ਜਾਵੇ। ਨਾਲੇ ਬਈ ਤੂੰ ਐਤਕੀਂ ਆਇਆ ਵੀ ਪੰਜੀਂ ਸਾਲੀਂ ਆਂ। ਹੋਰ ਫੇਰ ਉਹ ਘੁੰਮੂ ਫਿਰ ਵੀ ਕੀਹਦੇ ਨਾਲ। ਨਾਲੇ ਕਹਿੰਦੇ ਹੁੰਦੇ ਆ ਜੇ ਕੰਧ ਆਪਣੇ ਵਿਹੜੇ ਵੱਲ ਡਿੱਗ ਪਵੇ ਤਾਂ ਗਿਲਾ ਨਈ ਕਰਨਾ ਚਾਹੀਦਾ ਚਲੋ, ਪਰ ਥੋੜ੍ਹਾ ਜੱਗ-ਰੱਬ ਦਾ ਖਿਆਲ ਰੱਖਣ, ਬਾਕੀ ਹੋਰ ਓਦਾਂ ਭਰਾਮਾਂ ਦਾ ਕੀ ਵੰਡਿਆ ਹੁੰਦਾ।.. ਵੈਸੇ ਗੱਲ ਕੋਈ ਨਈ, ਤੂੰ ਤਰੀਕੇ ਨਾਲ ਕੰਨੋਂ ਕੱਢ ਸਕਦਾਂ। ਹੋਰ ਦੂਜੇ ਦਾ ਮਤਲਬ ਕੋਈ ਨਈ ਇਸ ਗੱਲ ਨਾਲ।.. ਬੱਸ ਆਹੀ ਨਿੱਕੀ ਗੱਲ ਸੀ। ਮੈਂ ਬੜੇ ਦਿਨਾਂ ਦਾ ਸੋਚਦਾ ਸੀ ਕਿ ਕਰਾਂ ਕਿ ਨਾ, ਪਰ ਅੱਜ ਫੇ ਮੇਰੇ ਕੋਲੋਂ ਕਰ ਹੋਗੀ, ਰਿਹਾ ਨਈ ਗਿਆ। ਓਦਾਂ ਮੈਨੂੰ ਸ਼ੱਕ ਵੀ ਕੋਈ ਨਈ ਤੇ ਇਤਰਾਜ਼ ਵੀ ਕੋਈ ਨਈ।.. ਚੰਗਾ ਫੇ, ਮਾਈਂਡ ਨਾ ਕਰੀਂ ਮੇਰੀ ਗੱਲ, ਆਪਣਾ ਸਮਝ ਕੇ ਕੀਤੀ ਏ।'' ਪ੍ਰੀਤੂ ਫੌਜੀ ਨੂੰ ਥਾਪੀ ਜਿਹੇ ਤੁਰ ਗਿਆ।

ਪ੍ਰੀਤੂ ਦੀ ਸੁੱਟੀ ਚੰਗਿਆੜੀ ਨੇ ਪਲਾਂ 'ਚ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ। ਚੰਗਿਆੜੀ ਨੂੰ ਭਾਂਬੜ ਬਣਦਿਆਂ ਦੇਰ ਨਾ ਲੱਗੀ। ਫੌਜੀ ਕਦੀ-ਕਦਾਈ ਪੈਗ ਲਾਉਂਦਾ ਸੀ, ਲਾਏ ਦਾ ਪਤਾ ਨਹੀਂ ਸੀ ਚਲਦਾ। ਉਸੇ ਦਿਨ ਤੋਂ ਅੰਦਰ ਗਈ ਪਰੀ ਸਿਰ ਚੜ੍ਹ ਬੋਲਣ ਲੱਗ ਪਈ। ਸਾਰਾ ਦਿਨ ਘਰ ਨਾ ਗਿਆ। ਰਾਤ ਗਿਆਰਾਂ ਵਜੇ ਜਾ ਦਰਵਾਜ਼ਾਂ ਭੰਨਿਆ, ''ਕਿਹੜਾ ਆ ਉਏ ਤਾਰਾ ਨਾਲੇ ਚੰਦ, ਚਮਕ ਕੇ ਦਿਖਾਏ ਮੇਰੇ ਸਾਹ-ਮਣੇ।.. ਨਾਲੇ ਕਿੱਥੇ ਆ ਜਿਹੜੀ ਮੇਰੇ ਮਗਰੋਂ ਉਹਦੇ ਨਾਲ ਅੱਖਾਂ ਮਟਕਾਉਂਦੀ ਫਿਰਦੀ ਏ।'' ਉਹ ਤਾਂ ਕੁਦਰਤੀ ਤਾਰਾ ਹਵੇਲੀ ਸੁੱਤਾ ਪਿਆ ਸੀ ਤਾਂ ਬਚਾਅ ਹੋ ਗਿਆ।

''ਕਿਆ ਹੋਇਆ ਵੇ?.. ਕਦੇ ਅੱਗੇ ਨਾ ਪਿੱਛੇ, ਤੈਨੂੰ ਕੀ ਸੱਪ ਲੜ ਗਿਆ! ਕੀਹਨੇ ਲਾ ਤੀ ਤੈਨੂੰ ਚੁਆਤੀ?'' ਮਾਂ ਅੰਦਰੋਂ ਸੁੱਤ-ਉਨੀਂਦੀ ਜਿਹੀ ਗੁੱਸੇ 'ਚ ਭੜਕੀ।

''ਤੇਰੇ ਪੁਆੜੇ ਪਾਇਉ ਆ ਬੁੜ੍ਹੀਏ! ਮੈਂ ਦੇਖ ਲਿਆ।'' ਉਹ ਅੱਜ ਮਾਂ ਨਾਲ ਵੀ ਸਿੱਧਾ ਹੋ ਗਿਆ। ਜਿਸ ਨੇ ਕਦੇ ਮਾਂ ਜੀ ਤੋਂ ਬਿਨਾਂ ਗੱਲ ਨਹੀਂ ਸੀ ਕੀਤੀ, ਅੱਜ ਉਹ ਉਹਦੇ ਲਈ ਬੁੜ੍ਹੀ ਹੋ ਗਈ ਸੀ। ਮਾਂ ਤਾਂ ਵਿਚਾਰੀ ਸਿਰ ਫੜ ਕੇ ਬਹਿ ਗਈ। ਬੱਸ, ਉਹ ਦਿਨ ਸੋ ਦਿਨ, ਓਹੀ ਫੌਜੀ ਰਾਤ-ਦਿਨ ਸ਼ਰਾਬੀ ਰਹਿਣ ਲੱਗਾ। ਉਸ ਤੋਂ ਬਾਅਦ ਇੱਕ ਵਾਰ ਫੌਜ 'ਚ ਵਾਪਸ ਗਿਆ। ਉਦੋਂ ਪਤਾ ਲੱਗਾ ਜਦ ਪੈਨਸ਼ਨ ਲੈ ਕੇ ਘਰ ਆ ਬੈਠਾ। ਉਦੋਂ ਤੋਂ ਬਾਕੀਆ ਦਾ ਘਰ 'ਚ ਰਹਿਣਾ ਮੁਸ਼ਕਿਲ ਹੋ ਗਿਆ। ਮਾਂ ਅਤੇ ਤਾਰੇ ਨੇ ਰੋਜ਼-ਰੋਜ਼ ਦੇ ਕਲੇਸ਼ ਤੋਂ ਅੱਕਿਆਂ ਆਪਣੇ-ਆਪ ਨੂੰ ਵੱਖ ਕਰ ਲਿਆ। ਫਸ ਗਈ ਸੀ ਵਿਚਾਰੀ ਤਾਰੋ। ਨਿਆਣਿਆਂ ਨੂੰ ਲੈ ਕੇ ਉਹ ਕਿੱਥੇ ਚਲੀ ਜਾਂਦੀ। ਪਿੱਛੇ ਪੇਕੀਂ ਵੀ ਭਰਾ-ਭਰਜਾਈ ਸਨ। ਸਿਆਣੇ ਮਾਂ-ਪਿਉ ਨੂੰ ਉਹ ਨਈ ਸੀ ਪੁੱਛਦੇ। ਉਹਦਾ ਭਾਰ ਉਨ੍ਹਾਂ ਕਿੱਥੋਂ ਚੁੱਕਣਾ ਸੀ। ਉਹ ਤਾਂ ਸਬਰ ਕਰ-ਕਰ ਕੇ ਐਸਾ ਬੁੱਤ ਬਣੀ ਕਿ 'ਦੋ ਪਈਆਂ ਵਿਸਰ ਗਈਆਂ' ਵਾਲੀ ਗੱਲ ਹੋ ਗਈ। ਬੱਸ, ਮੌਨ ਹੋਈ ਫੌਜੀ ਦੀਆਂ ਕੀਤੀਆਂ ਸਹੀ ਜਾਂਦੀ।

ਰੇਲ ਗੱਡੀ ਦੌੜੀ ਜਾ ਰਹੀ ਸੀ। ਬੈਠੇ-ਬੈਠੇ ਦੇ ਫੌਜੀ ਦੇ ਦਿਮਾਗ 'ਚ ਫਿਰ ਪਤਾ ਨਹੀਂ ਕੀ ਆਇਆ, ਮੁੜ ਬੂਹੇ 'ਚ ਜਾ ਖੜ੍ਹਿਆ। ਦੁਖਦੀ ਰਗ ਉਹਨੂੰ ਟਿਕਣ ਨਹੀਂ ਸੀ ਦੇ ਰਹੀ। ਅੱਗੇ-ਪਿੱਛੇ ਨੂੰ ਝੂਮਣ ਲੱਗਾ। ਸਵਾਰੀਆਂ ਨੇ ਬਥੇਰਾ ਕਿਹਾ। ਵਾਰ-ਵਾਰ ਰੋਕਿਆ, ਪਰ ਉਹ ਟੱਸ ਤੋਂ ਮੱਸ ਨਾ ਹੋਵੇ, ਸਗੋਂ ਹੋਰ ਜ਼ੋਰ ਨਾਲ ਝੂਟਣ ਲੱਗ ਪਿਆ।

ਫਿਰ ਪਤਾ ਨਹੀਂ ਕਦੋਂ ਉਹਦੀ ਫੁੱਲ ਜਿਹੀ ਧੀ ਪਿੰਕੀ ਨੇ ਉਹਨੂੰ ਪਿੱਛਿਉਂ ਆਣ ਫੜਿਆ, ''ਪਾਪਾ! ਜੇ ਤੁਸੀਂ ਡਿੱਗ ਗਏ, ਮੈਂ ਪਾਪਾ ਕਿੱਥੋਂ ਲਊ? ਕੀਹਨੂੰ ਪਾਪ ਕਹੂੰ?'' ਕਹਿੰਦਿਆਂ ਉਹ ਹਟਕੋਰੇ ਭਰਨ ਲੱਗੀ।

ਫੌਜੀ ਨੂੰ ਜਿਵੇਂ ਕਰੰਟ ਜਿਹਾ ਝਟਕਾ ਲੱਗਾ। ਆਪਣੇ ਆਪ ਬੜਾ ਸੋਹਣਾ ਮੁੜ ਕੇ ਆਪਣੀ ਘਰਵਾਲੀ ਨਾਲ ਸੀਟ 'ਤੇ ਆ ਬੈਠਾ ਅਤੇ ਕੁੜੀ ਨੂੰ ਘੁੱਟ ਕੇ ਚੁੰਮਣ ਲੱਗ ਪਿਆ ਜਿਵੇਂ ਉਹਦੇ ਅੰਦਰਲਾ ਪਿਉ ਜਾਗ ਪਿਆ ਹੋਵੇ। ਸਾਰੀਆਂ ਸਵਾਰੀਆਂ ਪ੍ਰਸ਼ਨ ਚਿੰਨ੍ਹ ਜਿਹਾ ਬਣੀਆਂ ਦੇਖਦੀਆਂ ਰਹਿ ਗਈਆਂ।

## ਕਵਿਤਾ

ਅਪਣੀ ਹੋਂਦ ਤੇ ਇਕ ਦਿਨ ਥੁੱਕਣਾ ਪੈਣਾ ਏ,
ਮੁਲਕ ਦੀ ਲਾਸ਼ ਨੂੰ ਮੋਢੇ ਚੁੱਕਣਾ ਪੈਣਾ ਏ...

ਓਹ ਪੱਤੀ ਪੱਤੀ ਤੋੜੇਗਾ ਨਾਜੁਕ ਕਾਲੀਆਂ ਦੀ,
ਆਖ਼ਰ ਇਕ ਇਕ ਫੁੱਲ ਨੂੰ ਸੁੱਕਣਾ ਪੈਣਾ ਏ...

ਜ਼ੁਲਮ ਬੜੇ ਨੇ ਹੰਜੂ ਤੇਰੇ ਖੁੜ ਜਾਵਣਗੇ,
ਇਕ ਦਿਨ ਤੇਰੀ ਅੱਖ ਨੂੰ ਟੁੱਕਣਾ ਪੈਣਾ ਏ...

ਤਖਤਾਂ ਦੀ ਔਕਾਤ ਨਹੀਂ ਤੈਨੂੰ ਕੱਜਣ ਦੀ,
ਨਗਨ ਤੇਰੇ ਪਿੰਡੇ ਨੂੰ ਮੁੱਕਣਾ ਪੈਣਾ ਏ...

ਮਹਿੰਦੀ ਵਾਲੇ ਹੱਥੀਂ ਜਦ ਸ਼ਮਸ਼ੀਰ ਹੋਵੇਗੀ,
ਉਸ ਦਿਨ ਤੈਨੂੰ ਹਾਕਮ ਲੁਕਣਾ ਪੈਣਾ ਏ..



ਲੇਖਕ
ਅਜੈ ਗੜ੍ਹਦੀਵਾਲਾ
9041527623

ਮਿੰਨੀ ਕਹਾਣੀ

## ਔਰਤ ਬਨਾਮ ਮਰਦ

ਪਤੀ ਦੀ ਲੰਮੀ ਬੀਮਾਰੀ ਤੋਂ ਬਾਦ ਮੌਤ ਅਤੇ ਅੱਜ ਭੋਗ ਦਾ ਦਿਨ ਸੀ। ਛੋਟੇ -ਛੋਟੇ ਬੱਚਿਆਂ ਨਾਲ ਜਮੀਨ ਤੇ ਜਿਵੇਂ ਸੁੰਨ ਹੋਈ ਬੈਠੀ ਪਤਾ ਨਹੀਂ ਕੀ ਸੋਚੀ ਜਾ ਰਹੀ ਸੀ। ਬੱਚੇ ਕਦੇ ਆਪਣੀ ਮਾਂ ਵੱਲ ਅਤੇ ਕਦੇ ਲੋਕਾਂ ਦੇ ਵੱਖੋ ਵੱਖਰੇ ਚਿਹਰਿਆਂ ਵੱਲ ਦੇਖਦੇ ਰਹੇ। ਹਰ ਕੋਈ ਆਪਣੇ ਅੰਦਾਜ਼ ਵਿੱਚ ਉਸ ਨਾਲ ਦੁੱਖ ਸਾਂਝਾ ਕਰ ਰਿਹਾ ਸੀ।

ਇੰਨੇ ਨੂੰ ਹੀ ਇੱਕ ਬਜ਼ੁਰਗ ਔਰਤ ਪਹਿਲਾਂ ਤਾਂ ਉਸਦੇ ਗਲ ਲੱਗ ਕੇ ਉੱਚੀ-ਉੱਚੀ ਰੋਈ, ਫਿਰ ਉਸਦੇ ਕੰਨ ਵਿੱਚ ਗੱਲ ਸਮਝਾਉਣ ਲੱਗ ਪਈ। ਉਸਦੇ ਬੋਲ ਸਨ, "ਧੀਏ,,, ਹੁਣ ਤੂੰ ਹੀ ਇਹਨਾਂ ਬੱਚਿਆਂ ਦੀ ਮਾਂ ਤੇ ਤੂੰ ਹੀ ਪਿਓ ਹੈਂ, ਉਸਦੇ ਹਿੱਸੇ ਨਹੀਂ ਸੀ ਇਹਨਾਂ ਬੱਚਿਆਂ ਦੀ ਪਾਲਣਾ- ਪੋਸਣਾ, ਇਹ ਤਾਂ ਰੱਬ ਨੇ ਤੇਰੀ ਜਿੰਮੇਵਾਰੀ ਲਗਾਈ ਹੈ।

ਉਸ ਔਰਤ ਦੇ ਉੱਥੋਂ ਉੱਠ ਕੇ ਜਾਂਦਿਆਂ ਹੀ ਅਚਾਨਕ ਉਸਨੂੰ ਕੁਝ ਸਾਲ ਪਹਿਲਾਂ ਦੀ ਗੱਲ ਯਾਦ ਆਈ ਤਾਂ ਉਸੇ ਹੀ ਔਰਤ ਦੇ ਬੋਲ ਇੱਕ ਮਰਦ ਵਾਸਤੇ ਕਿਸ ਤਰ੍ਹਾਂ ਅਲੱਗ ਸਨ ਯਾਦ ਕਰਕੇ ਉਹ ਹੈਰਾਨ ਰਹਿ ਗਈ।

ਉਸ ਔਰਤ ਦੇ ਬੋਲ ਇਸ ਤਰ੍ਹਾਂ ਸਨ, " ਵੇ ਪੁੱਤਾਂ,,,, ਤੇਰੀ ਘਰਵਾਲੀ ਦੀ ਮੌਤ ਦਾ ਤਾਂ ਹਮੇਸ਼ਾ ਦੁੱਖ ਰਹਿਣਾ ਪਰ ਤੇਰੀ ਰੋਟੀ ਕੌਣ ਪਕਾਊ? ਇਹ ਘਰਵਾਰ-ਬੱਚੇ ਤੇਰੇ ਇਕੱਲੇ ਦੇ ਸਾਂਭਣ ਦੇ ਨਹੀਂ,,,,,, ", ਉਹ ਸੋਚਦੀ ਰਹੀ।

ਆਪਣੇ ਬੱਚਿਆਂ ਦੇ ਛੋਟੇ -ਛੋਟੇ ਚਿਹਰਿਆਂ ਵੱਲ ਤੱਕਦੀ ਉਹ ਜਿੰਦਗੀ ਦੀਆਂ ਲੰਮੀਆਂ ਵਾਟਾਂ ਇਕੱਲਿਆਂ ਤੈਅ ਕਰਨ ਦੀਆਂ ਵਿਉਂਤਾਂ ਘੜਨ ਲੱਗੀ।

ਲੇਖਕ
ਦਵਿੰਦਰ ਕੌਰ ਹਰਿਆਣਾ
ਜਿਲ੍ਹਾ ਹੁਸ਼ਿਆਰਪੁਰ

## ਚੰਗੀ ਕਿਸਮਤ

ਸਵੇਰੇ ਸੈਰ ਕਰਕੇ ਵਾਪਸ ਆਉਂਦਿਆਂ ਮੈਂ ਰੋਜ਼ਾਨਾ ਰਾਹ ਵਿੱਚ ਸੜਕ ਕਿਨਾਰੇ ਰਹਿੰਦੇ ਟੱਪਰੀਵਾਸਾਂ ਦੀਆਂ ਕੋਈ ਬਾਰਾਂ-ਬਾਰਾਂ ਤੇਰਾਂ-ਤੇਰਾਂ ਸਾਲ ਦੀਆਂ ਦੋ ਕੁੜੀਆਂ ਨੂੰ ਕੂੜੇ ਦੇ ਢੇਰ ਫਰੋਲਦਿਆਂ ਵੇਖਦਾ। ਮੈਂ ਉਨ੍ਹਾਂ ਨੂੰ ਕਈ ਵਾਰ ਕਿੰਨਾ-ਕਿੰਨਾ ਚਿਰ ਕੂੜੇ ਦੇ ਢੇਰ ਨੂੰ ਫਰੋਲਦਿਆਂ ਖਲੋਂ ਕੇ ਵੇਖਦਾ ਰਹਿੰਦਾ ਤੇ ਕਦੀ-ਕਦੀ ਪਜਾਮੇ ਦੀ ਜੇਬ੍ਹ ਵਿੱਚ ਹੁੰਦੇ ਪੰਜ-ਦਸ ਰੁਪਏ ਵੀ ਦੇ ਦਿੰਦਾ।


ਅੱਜ ਵੀ ਸਵੇਰ ਦੀ ਸੈਰ ਕਰਕੇ ਵਾਪਸ ਆ ਰਿਹਾ ਸੀ ਤੇ ਦੋਵੇਂ ਕੁੜੀਆਂ ਰੋਜ਼ਾਨਾ ਦੀ ਤਰ੍ਹਾਂ ਕੂੜਾ ਫਰੋਲ ਰਹੀਆਂ ਸਨ। ਮੈਂ ਉਥੇ ਰੁਕ ਗਿਆ। ਉਨ੍ਹਾਂ ਦੋਵਾਂ ਵਿੱਚੋਂ ਇੱਕ ਨੂੰ ਇੱਕ ਪੁਰਾਣਾ ਲੇਡੀਜ਼ ਪਰਸ ਲੱਭ ਗਿਆ। ਉਹ ਜਲਦੀ-ਜਲਦੀ ਉਸ ਪਰਸ ਦੀਆਂ ਜਿੱਪਾਂ ਖੋਲ੍ਹਣ ਲੱਗ ਪਈ। ਉਸ ਨੂੰ ਪਰਸ ਦੀਆਂ ਅੰਦਰ ਦੀਆਂ ਜੇਬ੍ਹਾਂ ਵਿੱਚੋਂ ਵੀਹ ਰੁਪਏ ਦਾ ਨੋਟ ਲੱਭ ਗਿਆ ਜੋ ਕੋਈ ਔਰਤ ਪਰਸ ਸੁੱਟਣ ਵੇਲੇ ਇਸ ਵਿੱਚੋਂ ਕੱਢਣਾ ਭੁੱਲ ਗਈ ਲੱਗਦੀ ਸੀ। ਉਸ ਨੇ ਜ਼ੋਰ ਦੀ ਚੀਕ ਮਾਰੀ, ''ਮਾਣੋ, ਵੀਹ ਰੁਪਏ ਨਿਕਲੇ ਪਰਸ ਵਿੱਚੋਂ!''

''ਹੈਂ ਨੀ ਤੇਰੀ ਐਨੀ ਚੰਗੀ ਕਿਸਮਤ!'' ਮੈਂ ਦੂਜੀ ਕੁੜੀ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਸੋਚੀ ਪਿਆ 'ਚੰਗੀ ਕਿਸਮਤ' ਦੀ ਪਰਿਭਾਸ਼ਾ ਦੇ ਪੈਮਾਨਿਆਂ ਨੂੰ ਆਂਕਦਾ ਪਤਾ ਹੀ ਨਾ ਲੱਗਾ ਕਦੋਂ ਘਰ ਦੇ ਗੇਟ 'ਤੇ ਆ ਪੁੱਜਾ।

-ਪ੍ਰਤਾਪ 'ਪਾਰਸ' ਗੁਰਦਾਸਪੁਰੀ

ਵਿਅੰਗ

## ਪਤਨੀ ਹਿਤੈਸ਼ੀ ਪਤੀ



ਨਿਊ ਇੰਡੀਆ, ਮਤਲਬ ਨਵੇਂ ਭਾਰਤ ਨੂੰ ਫਿੱਟ-ਫਾਟ ਕਰਨ ਵਾਲਾ ਕੰਮ ਹੈ ਤਾਂ ਬੜਾ ਔਖਾ, ਪਰ ਅਸੰਭਵ ਨਹੀਂ। ਜਿਹੜੇ ਲੋਕ 'ਫਿੱਟ ਫਾਟ' ਰਹਿਣਾ ਚਾਹੁੰਦੇ ਹਨ, ਉਨ੍ਹਾਂ ਨੂੰ ਫਿੱਟ-ਫਾਟ ਕਿਹਾ ਜਾ ਸਕਦਾ ਹੈ। ਉਨ੍ਹਾਂ ਨੂੰ ਵੱਖ ਵੱਖ ਤਰ੍ਹਾਂ ਦੀ ਸਰੀਰਕ ਕਸਰਤ ਕਰਨ ਦੇ ਢੰਗ ਸਿਖਾ ਕੇ ਯੋਗ ਦੇ ਜੰਗ-ਪਲੰਗ-ਨੁਮਾ ਆਸਣ ਕਰਵਾ ਕੇ, ਸੈਰ ਕਰਨ ਜਾਂ ਸਾਈਕਲ ਚਲਾਉਣ ਲਈ ਪ੍ਰੇਰਿਤ ਕਰ ਕੇ ਲਟਰਮ-ਪਟਰਮ ਚੀਜ਼ਾਂ ਭਾਵ ਫਾਸਟ ਫੂਡ ਅਤੇ ਹੋਰ ਕਈ ਤਰ੍ਹਾਂ ਦੀਆਂ ਮਸਾਲੇਦਾਰ ਤਲੀਆਂ ਚੀਜ਼ਾਂ ਨਾ ਖਾਣ ਦੀ ਸਲਾਹ ਦੇ ਕੇ ਤੰਦਰੁਸਤ ਰੱਖਿਆ ਜਾ ਸਕਦਾ ਹੈ। ਓਨੇ ਲੋਕ ਭੁੱਖ ਨਾਲ ਜਾਂ ਕੁਪੋਸ਼ਣ ਕਾਰਨ ਪਰਲੋਕ ਗਮਨ ਨਹੀਂ ਕਰਦੇ, ਜਿੰਨੇ ਲੋਕ ਲੋੜ ਤੋਂ ਵੱਧ ਖਾਣ-ਪੀਣ ਵਾਲੀਆਂ ਚੀਜ਼ਾਂ ਢਿੱਡਾਂ ਦੇ ਡਰੰਮਾਂ, ਢੋਲਾਂ ਵਿੱਚ ਤੁੰਨ-ਤੁੰਨ ਕੇ ਇਸ ਧਰਤੀ ਦਾ ਬੋਝ ਹਲਕਾ ਕਰ ਜਾਂਦੇ ਹਨ। ਉਨ੍ਹਾਂ ਦਾ ਜੀਵਨ ਸ਼ਾਸਤਰ ਕਹਿੰਦਾ ਹੈ, 'ਬੰਦਾ ਮਰੇ, ਤਾਂ ਖਾ-ਪੀ ਕੇ ਮਰੇ।'' ਇਸ ਲਈ ਉਹ ਖਾਣ ਪੀਣ 'ਤੇ ਜ਼ਿਆਦਾ ਜ਼ੋਰ ਦਿੰਦੇ ਹਨ। ਸਹੀ ਢੰਗ ਨਾਲ ਜਿਊਣ 'ਤੇ ਜ਼ੋਰ ਨਹੀਂ ਦਿੰਦੇ। ਜਿਹੜੇ ਵਿਅਕਤੀ ਬਹੁਤੇ ਖਾਂਦੇ ਪੀਂਦੇ ਹਨ, ਉਨ੍ਹਾਂ ਨੂੰ ਮੋਟਾਪੇ ਦਾ ਰਿੱਛ ਆਪਣਾ ਸ਼ਿਕਾਰ ਬਣਾ ਲੈਂਦਾ ਹੈ। ਉਨ੍ਹਾਂ ਨੂੰ ਸੁਸਤੀ ਗਲਵੱਕੜੀ ਪਾਈ ਰੱਖਦੀ ਹੈ। ਉਨ੍ਹਾਂ ਦੇ ਸਰੀਰਾਂ ਨੂੰ ਤਰ੍ਹਾਂ ਤਰ੍ਹਾਂ ਦੇ ਰੋਗ ਆਪਣੇ ਰਹਿਣ ਟਿਕਾਣੇ ਬਣਾ ਲੈਂਦੇ ਹਨ। ਇਹੋ ਜਿਹੇ ਲੋਕ ਜਿਊਣ ਲਈ ਖਾਣ-ਪੀਣ ਦਾ ਕੰਮ ਨਹੀਂ ਕਰਦੇ, ਸਗੋਂ ਤਨਾਤਨ ਤੁੰਨ-ਤੁੰਨ ਕੇ ਖਾਣ ਪੀਣ ਲਈ ਜਿਊਂਦੇ ਹਨ। ਡਾਕਟਰਾਂ, ਵੈਦਾਂ ਤੇ ਹਕੀਮਾਂ ਦਾ ਧੰਦਾ ਚਮਕਾਉਂਦੇ ਹਨ। ਗੋਗੜ ਰੋਗਾਂ ਦੀ ਗਾਗਰ ਹੁੰਦੀ ਹੈ।

ਕੁਝ ਲੋਕ ਤੜਕੇ-ਤੜਕੇ ਉਠ ਕੇ ਇਸ਼ਨਾਨ ਕਰ ਕੇ ਬੜੇ ਜ਼ੋਰ-ਸ਼ੋਰ ਨਾਲ ਪਾਠ ਪੂਜਾ ਕਰਨ ਤੋਂ ਇਲਾਵਾ ਉਚੀ-ਉਚੀ ਟੱਲ ਤੇ ਟੱਲੀਆਂ ਵਜਾ ਕੇ, ਉਚੀ ਉਚੀ ਰੱਬ ਨੂੰ ਆਵਾਜ਼ਾਂ ਮਾਰ ਕੇ ਸੁੱਤੇ ਪਏ ਰੱਬ ਨੂੰ ਜਗਾਉਂਦੇ ਹਨ। ਰੁੱਸੇ ਹੋਏ ਰੱਬ ਨੂੰ ਮਨਾਉਂਦੇ ਹਨ। ਸੈਰ, ਜੋਗਿੰਗ ਕਰਨ, ਦੌੜ ਲਾਉਣ ਜਾਂ ਕਸਰਤ ਆਦਿ ਨਹੀਂ ਕਰਦੇ। ਫਿਰ ਢਿੱਡਾਂ ਦੀਆਂ ਟੰਕੀਆਂ ਫੁੱਲ ਕਰ ਕੇ ਫੁੱਲ ਸਪੀਡ 'ਤੇ ਆਪਣੇ ਦੋ ਪਹੀਆ ਜਾਂ ਚਾਰ-ਪਹੀਆ ਵਾਹਨ ਟੁੱਟੀਆਂ-ਫੁੱਟੀਆਂ ਸੜਕਾਂ 'ਤੇ ਦੌੜਾਉਣ ਦੀ ਕੋਸ਼ਿਸ਼ ਕਰਦੇ ਹੋਏ, ਟਰੈਫਿਕ ਜਾਮ ਵਿੱਚ ਮੋਟਰ ਗੱਡੀਆਂ ਦੇ ਛੱਡੇ ਧੂੰਏਂ ਦੇ ਜਾਮ 'ਤੇ ਜਾਮ ਪੀ ਕੇ ਆਪੋ-ਆਪਣੇ ਕੰਮਾਂ 'ਤੇ ਪਹੁੰਚਣ ਲਈ ਫੁੱਲ ਬਟਾ ਫੁੱਲ ਟਿੱਲ ਲਾਉਂਦੇ ਹਨ। ਸੜਕਾਂ ਦੇ ਟੋਇਆਂ ਕਾਰਨ ਜਿਹੜੇ ਜ਼ੋਰਦਾਰ ਹੁਝਕੇ-ਝਟਕੇ ਲੱਗਦੇ ਹਨ, ਉਨ੍ਹਾਂ ਕਾਰਨ ਕਈਆਂ ਦੇ ਚੂਲੇ ਨੁਕਸਾਨੇ ਜਾਂਦੇ ਹਨ। ਰੀੜ੍ਹ ਦੀ ਮਾਲਾ (ਹੱਡੀ) ਦੇ ਮਣਕੇ ਹਿੱਲ ਜਾਂਦੇ ਹਨ। ਫਿਰ ਉਹ ਅਣਫਿੱਟ ਹੋ ਜਾਂਦੇ ਤੇ ਮੰਜਿਆਂ 'ਤੇ ਲੇਟ ਜਾਂਦੇ ਹਨ। ਡਾਕਟਰਾਂ ਕੋਲੋਂ ਇਲਾਜ ਕਰਾਉਂਦੇ ਹਨ ਤੇ ਮੰਜਿਆਂ ਉਪਰ ਲੇਟੇ ਲੇਟੇ ਟੀ ਵੀ ਐਲ ਈ ਡੀ ਜਾਂ ਐਲ ਸੀ ਡੀ ਦੀ ਸਕਰੀਨ 'ਤੇ ਸਿਹਤ ਤੇ ਤੰਦਰੁਸਤੀ ਦੇ ਪ੍ਰੋਗਰਾਮ ਵੇਖਦੇ ਹੋਏ ਹਉਕੇ ਭਰਦੇ ਹਨ, 'ਕਾਸ਼, ਸਾਡੇ ਦੇਸ਼ ਦੀਆਂ ਸੜਕਾਂ ਟੁੱਟੀਆਂ ਨਾ ਹੁੰਦੀਆਂ। ਫਿਰ ਸਾਡੀਆਂ ਹੱਡੀਆਂ ਜ਼ਰਕੀਆਂ ਜਾਂ ਟੁੱਟੀਆਂ ਨਾ ਹੁੰਦੀਆਂ। ਅਸੀਂ ਵੀ ਫਿੱਟ ਇੰਡੀਆ ਦਾ ਹਿੱਸਾ ਹੁੰਦੇ ਦੁੱਖ ਦਰਦ ਨਾਲ ਤੜਫਦੇ ਤੇ ਕਲਪਦੇ ਨਾ ਹੁੰਦੇ।''

ਪਰਦੀਪ ਸਿੰਘ ਮੌਜੀ

ਕਈ ਆਦਮੀ ਸਵੇਰੇ ਪਾਠ-ਪੂਜਾ ਕਰਨ ਜਾਂ ਟੱਲ-ਟੱਲੀਆਂ ਖੜਕਾਉਣ ਦੀ ਥਾਂ ਸ਼ਰਾਬ ਦੇ ਠੇਕਿਆਂ ਦੇ ਬੰਦ ਸ਼ਟਰਾਂ ਨੂੰ ਜਾ ਖੜਕਾਉਂਦੇ ਤੇ ਠੇਕਿਆਂ ਦੇ ਸੁੱਤੇ ਪਏ ਕਰਿੰਦਿਆਂ ਨੂੰ ਉੱਚੀ-ਉੱਚੀ ਆਵਾਜ਼ਾਂ ਮਾਰ ਕੇ ਜਗਾਉਂਦੇ ਹਨ। ਫਿਰ ਮੋਰੀ ਰਾਹੀਂ ਰੁਪਏ ਫੜਾ ਕੇ ਦੇਸੀ ਜਾਂ ਅੰਗਰੇਜ਼ੀ ਸ਼ਰਾਬ ਦੇ ਪਊਏ ਜਾਂ ਅਧੀਏ ਮੋਰੀ ਰਾਹੀਂ ਫੜ ਲੈਂਦੇ ਹਨ। ਉਥੇ ਖੜ੍ਹੇ-ਖਲੋਤੇ ਫਟਾਫਟ ਡੱਟ ਤੋੜ ਮਰੋੜ ਕੇ ਗਟਾਗੱਟ ਨੀਟ ਸ਼ਰਾਬ ਪੀ ਜਾਂਦੇ ਹਨ। ਪਾਣੀ ਇਸ ਲਈ ਨਹੀਂ ਮਿਲਾਉਂਦੇ, ਕਿਉਂਕਿ ਉਹ ਸੋਚਦੇ ਹਨ, ''ਇਥੇ ਬਹੁਤ ਸਾਰੇ ਲੋਕਾਂ ਨੂੰ ਪੀਣ ਲਈ ਸਾਫ ਪਾਣੀ ਨਹੀਂ ਮਿਲਦਾ। ਸਾਨੂੰ ਸ਼ਰਾਬ ਵਿੱਚ ਮਿਲਾਉਣ ਲਈ ਕਿੱਥੋਂ ਮਿਲਣੈ? ਇਸ ਲਈ ਨੀਟ ਹੀ ਠੀਕ ਹੈ। ਸਿਹਤ ਖਰਾਬ ਹੋਣ ਦੀ ਫਿਕਰ ਤਾਂ ਨਾ ਹੋਵੇਗੀ।'' ਕਈ ਲੋਕ ਬੈੱਡ ਟੀ ਪੀ ਕੇ ਨਿਰਣੇ ਕਾਲਜੇ ਆਪਣੀ ਹਿੱਕ ਲੂੰਹਦੇ ਹਨ।

ਬਹੁਤ ਸਾਰੇ ਭਾਰਤੀ ਲੋਕ ਬਹੁਤ ਸਾਰੀਆਂ ਚਿੰਤਾਵਾਂ 'ਚ ਘਿਰੇ ਰਹਿਣ ਕਾਰਨ ਮਾਨਸਿਕ ਤਣਾਅ ਤੋਂ ਗ੍ਰਸਤ ਰਹਿੰਦੇ ਹਨ। ਇਸ ਲਈ ਉਹ ਫਿੱਟ ਫਾਟ ਭਾਵ ਤੰਦਰੁਸਤ ਨਹੀਂ ਰਹਿੰਦੇ। ਬੱਚਿਆਂ ਦੀ ਸਿਖਿਆ ਤੇ ਉਨ੍ਹਾਂ ਦੇ ਚੰਗੇ ਕਰੀਅਰ ਦੀ ਚਿੰਤਾ, ਵਿਆਹਾਂ ਦੀ ਚਿੰਤਾ, ਆਪਣੇ ਘਰ ਬਣਾਉਣ ਦੀ ਚਿੰਤਾ ਸਣੇ ਕਈ ਤਰ੍ਹਾਂ ਦੀਆਂ ਚਿੰਤਾਵਾਂ ਉਨ੍ਹਾਂ ਦੇ ਮਨਾਂ ਦੀ ਸ਼ਾਂਤੀ ਖੋਹ ਲੈਂਦੀਆਂ ਹਨ। ਅੱਖਾਂ 'ਚੋਂ ਨੀਂਦਰ ਉਡਾ ਦਿੰਦੀਆਂ ਹਨ। ਪੁਰਾਣੇ ਭਾਰਤੀ ਲੋਕ ਸਭ ਤਰ੍ਹਾਂ ਦੀਆਂ ਫਿਕਰਾਂ ਨੂੰ ਗੋਡਿਆਂ ਹੇਠ ਦੇ ਕੇ ਜੀਵਨ ਗੁਜ਼ਾਰਦੇ ਸਨ। ਭਾਵੇਂ ਤੰਗ ਦਸਤੀ ਹੁੰਦੀ ਸੀ, ਫਿਰ ਵੀ ਫਾਕਾ ਮਸਤੀ ਕਰਦੇ ਹੋਏ ਖੁਸ਼ ਆਨੰਦ-ਪ੍ਰਸੰਨ ਰਹਿੰਦੇ ਸਨ। ਮੌਜਾਂ ਕਰਦੇ ਸਨ। ਕਈ ਸਾਰਾ ਦਿਨ ਤਾਸ਼ ਕੁੱਟਦੇ ਰਹਿੰਦੇ ਅਤੇ ਕਈ ਹੋਰ ਭੰਗ ਪੀ ਕੇ ਬਾਗਾਂ ਦੀ ਠੰਢੀ ਆਬੋ ਹਵਾ ਵਿੱਚ ਲੱਤ 'ਤੇ ਲੱਤ ਰੱਖ ਕੇ ਸੁੱਤੇ ਰਹਿੰਦੇ ਸਨ। ਉਨ੍ਹਾਂ ਦਾ ਫਲਸਫਾ ਇਹ ਹੁੰਦਾ ਸੀ, 'ਪੀਣੀਆਂ ਭੰਗਾਂ ਅਤੇ ਸੌਣਾ ਬਾਗੀ, ਘਰ ਦੇ ਜੀਣਗੇ ਆਪਣੇ ਭਾਗੀ।' ਭੰਗ ਪੀਣੇ ਤਾਂ ਅੱਜਕੱਲ੍ਹ ਵੀ ਬੜੇ ਹਨ, ਪਰ ਹਰੇ ਭਰੇ ਬਾਗ ਬਹੁਤ ਘੱਟ ਮਿਲਦੇ ਹਨ। ਕੰਕਰੀਟ ਦੇ ਜੰਗਲ ਕਈ ਪ੍ਰਕਾਰ ਦੇ ਪ੍ਰਦੂਸ਼ਣ ਵਿੱਚ ਵਾਧਾ ਕਰ ਕੇ ਵਾਤਾਵਰਣ ਦੀ ਅਹੀ-ਤਹੀ ਫੇਰੀ ਜਾਂਦੇ ਹਨ। ਬੀੜੀਆਂ, ਸਿਗਰਟਾਂ, ਸੂਟਾਂ, ਗਾਂਜਾ, ਸਮੈਕ, ਹੈਰੋਇਨ, ਕੋਕੀਨ, ਨਸ਼ੀਲੇ ਕੈਪਸੂਲ, ਗੋਲੀਆਂ, ਟੀਕੇ, ਅਫੀਮ ਜਰਦਾ ਆਦਿ ਨਸ਼ਿਆਂ ਦੇ ਵਹਿਣ ਵਿੱਚ ਖੁਦ ਨੂੰ ਰੋੜ੍ਹਨ ਵਾਲੇ ਵੀ ਬਹੁਤ ਹਨ। ਦੁੱਧ ਪੀ ਕੇ, ਦੇਸੀ ਘਿਓ ਤੇ ਬਦਾਮ ਖਾ ਕੇ ਸਰ੍ਹੋਂ ਦੇ ਤੇਲ ਦੀ ਮਾਲਿਸ਼ ਕਰ ਕੇ ਡੰਡ ਬੈਠਕਾਂ ਮਾਰਨ, ਕਬੱਡੀ ਖੇਡਣ, ਘੋਲ ਘੁਲਣ, ਮੁਗਦਰ-ਮੂੰਗਲੀਆਂ ਫੇਰਨ, ਗਤਕਾ ਖੇਡਣ ਅਤੇ ਗਿੱਧਾ-ਭੰਗੜਾ ਪਾਉਣ ਦੀ ਵਿਹਲ ਕਿੱਥੇ ਹੈ? ਉਂਝ ਵੀ ਮਿਲਾਵਟੀ ਚੀਜ਼ਾਂ ਖਾ-ਪੀ ਕੇ ਲੋਕਾਂ ਦੀ ਸਿਹਤ ਅਤੇ ਇਖਲਾਕ ਤੇ ਸੋਚ ਦੇ ਫਿਊਜ਼ ਉਡੇ ਪਏ ਹਨ। ਚਿਹਰੇ ਪੀਲੇ ਹੋ ਗਏ, ਮੋਢੇ ਢਿਲਕੇ ਪਏ ਤੇ ਗਿੱਟੇ ਗੋਡੇ ਸੁੱਜੇ ਪਏ ਹਨ। ਗੁਰਦਿਆਂ ਦੇ ਦਿਲਾਂ ਦੇ ਨੱਟ-ਬੋਲਟ, ਨਲੀਆਂ, ਵਾਲਣ ਵਗੈਰਾ ਖਰਾਬ ਹਾਲਤ 'ਚ ਹਨ। ਸ਼ੂਗਰ, ਬਲੱਡ ਪ੍ਰੈਸ਼ਰ, ਕਾਲਾ ਪੀਲੀਆ, ਕੈਂਸਰ ਆਦਿ ਦਾ ਰਾਜ ਹੈ।

ਜਿਹੜੇ ਬੇਸ਼ੁਮਾਰ ਲੋਕ-ਲੋਕਣੀਆਂ ਲਗਾਤਾਰ ਮੋਬਾਈਲ ਫੋਨਾਂ, ਲੈਪਟਾਸ 'ਤੇ ਨਜ਼ਰ ਟਿਕਾਈ ਰੱਖਣ, ਸੱਜਣ ਫੱਬਣ ਭਾਵ ਟਿੱਪ ਟਾਪ ਦੇ ਕੰਮਾਂ 'ਚ ਆਪਣਾ ਕੀਮਤੀ ਸਮਾਂ ਜ਼ਾਇਆ ਕਰਦੇ ਹਨ, ਉਹ ਜੇ ਖੁਦ ਨੂੰ ਫਿੱਟ ਫਾਟ ਰੱਖਣ ਵੱਲ ਧਿਆਨ ਦੇਣ ਤਾਂ ਇੰਡੀਆ ਜ਼ਰੂਰ ਹੀ ਫਿੱਟ ਇੰਡੀਆ ਬਣ ਸਕਦਾ ਹੈ।

## ਆਰਫ਼ ਕਾ ਸੁਣ ਵਾਜਾ ਰੇ



ਇਕ ਗੰਭੀਰ ਮਸਲੇ ਦੇ ਫ਼ੈਸਲੇ ਲਈ ਜਿੱਥੇ ਕਾਨੂੰਨ ਦੇ ਜਾਣਕਾਰ ਬੁਲਾਏ ਗਏ, ਉਥੇ ਕੁਝ ਤਰਕ ਸ਼ਾਸਤਰੀ ਵਿਦਵਾਨ ਅਤੇ ਦਾਨਸ਼ਵਰ ਵੀ ਬੁਲਾਏ ਗਏ।

ਮਸਲਾ ਇਹ ਸੀ ਕਿ ਇਕ ਸਧਾਰਨ ਜਿਹੇ ਲੱਗਦੇ ਆਦਮੀ ਨੇ ਚੌਰਾਹੇ ਵਿਚ ਖਲੋਅ ਕੇ ਕਈ ਵਾਰ ਉੱਚੀ ਆਵਾਜ਼ ਵਿਚ ਕਿਹਾ, 'ਇਕ ਸਾਧਾਰਨ ਆਦਮੀ ਦੇ ਟਾਕਰੇ ਗਿਆਨੀ ਅਤੇ ਬੁੱਧੀਮਾਨ ਲੋਕ ਅ-ਨਿਸ਼ਚੈ ਅਤੇ ਭੰਬਲਭੂਸੇ ਵਿਚ ਜਿਉਣ ਵਾਲੇ ਹੁੰਦੇ ਹਨ।'

ਇਹ ਗੱਲ ਫੈਲਦੇ ਹੀ ਪੂਰੇ ਰਾਜ ਵਿਚ ਤਰਥੱਲੀ ਮੱਚ ਗਈ।

ਪੜ੍ਹੇ ਲਿਖੇ ਵਿਦਵਾਨਾਂ ਨੇ ਇਕੱਠੇ ਹੋ ਕੇ ਮੁਕੱਦਮਾ ਕਰ ਦਿੱਤਾ। ਬੜੀਆਂ ਬਹਿਸਾਂ ਹੋਈਆਂ। ਸਭ ਨੇ ਸਾਂਝੀ ਸੁਰ ਰਲਾਈ ਤੇ ਕਿਹਾ, 'ਇਹੋ ਜਿਹੇ ਬੰਦੇ ਨੂੰ ਫਾਂਸੀ ਦੇ ਕੇ ਫ਼ਸਤਾ ਵੱਢੋ। ਇਹ ਬੰਦਾ ਸਖਰਲੇ ਦਰਜੇ ਦਾ ਅਹਿਮਕ ਹੈ। ਮੂਰਖ ਤੇ ਮੂੜਮਤ ਹੈ। ਅਗਿਆਨੀ ਹੈ। ਬੁੱਧੀਮਾਨ ਲੋਕਾਂ ਵਿਰੁੱਧ ਭੰਡੀ-ਪ੍ਰਚਾਰ ਕਰ ਰਿਹਾ ਹੈ। ਇਸ ਦੀਆਂ ਗੱਲਾਂ ਵਿਦਵਤਾ ਦੀ ਹੇਠੀ ਹਨ।'

ਕਾਨੂੰਨ ਮੁਤਾਬਿਕ ਉਸ 'ਅਹਿਮਕ' ਵੀ ਆਪਣੀ ਸਫਾਈ ਵਿਚ ਕੁਝ ਬੋਲ ਲਈ ਕਿਹਾ ਗਿਆ। ਉਸ ਨੇ ਕਿਹਾ, 'ਉਹ ਲੋਕ ਬੁਲਾਏ ਜਾਣ, ਜਿਨ੍ਹਾਂ ਨੂੰ ਮੈਂ ਅਨਿਸ਼ਚੈ ਅਤੇ ਭੰਬਲਭੂਸੇ ਵਿਚ ਜਿਉਣ ਵਾਲੇ ਕਿਹਾ ਹੈ।'

ਕਈ ਪੜ੍ਹੇ ਲਿਖੇ ਆ ਗਏ।

ਉਸ ਨੇ ਜੱਜ ਨੂੰ ਕਿਹਾ, 'ਕਿਰਪਾ ਕਰਕੇ ਇਨ੍ਹਾਂ ਸਭ ਨੂੰ ਕਾਗਜ਼ ਤੇ ਕਲਮ ਦੇ ਦਿੱਤੀ ਜਾਵੇ।' ਕਾਗਜ਼-ਕਲਮ ਦੇ ਦਿੱਤੀ ਗਈ।

ਫਿਰ ਉਸ ਆਦਮੀ ਨੇ ਕਿਹਾ ਕਿ ਉਨ੍ਹਾਂ ਵੀ ਬੰਦਿਆਂ ਨੂੰ ਕਿਹਾ ਜਾਵੇ ਕਿ ਆਪੋ-ਆਪਣੇ ਢੰਗ ਨਾਲ ਇਸ ਗੱਲ ਦਾ ਉੱਤਰ ਲਿਖਣ ਕਿ ਰੋਟੀ ਕੀ ਹੈ।

ਵੀਹ ਵਿਦਵਾਨਾਂ ਨੇ ਰੋਟੀ ਦੇ ਵੀਹ ਵੱਖ ਵੱਖ ਅਰਥ ਲਿਖੇ। ਕਿਸੇ ਲਿਖਿਆ, 'ਰੋਟੀ ਭੋਜਨ ਹੈ', ਕਿਸੇ ਲਿਖਿਆ, 'ਆਟੇ ਅਤੇ ਪਾਣੀ ਦੀ ਲੇਟੀ ਨੂੰ ਅੱਗੇ 'ਤੇ ਪਕਾਇਆ ਗਿਆ ਹੈ', ਕਿਸੇ ਲਿਖਿਆ, 'ਪੌਸ਼ਟਿਕ ਤੱਤ ਹੈ', ਕਿਸੇ ਨੇ ਲਿਖਿਆ, 'ਕਿਹਾ ਨਹੀਂ ਜਾ ਸਕਦਾ, ਰੋਟੀ ਕੀ ਹੈ।'

ਉਸ 'ਅਹਿਮਕ' ਨੇ ਜੱਜ ਨੂੰ ਕਿਹਾ, 'ਜੇਕਰ ਵੀਹ ਵਿਦਵਾਨ ਰੋਜ਼ ਖਾਧੀ ਜਾਣ ਵਾਲੀ ਰੋਟੀ 'ਤੇ ਸਹਿਮਤ ਨਹੀਂ ਹੋ ਸਕੇ ਤਾਂ ਮੇਰੇ ਅਹਿਮਕ ਹੋਣ 'ਤੇ ਕਿਵੇਂ ਸਾਰੇ ਸਿਹਮਤ ਹੋ ਗਏ?'

– ਕਿਰਪਾਲ ਕਜ਼ਾਕ

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

## ਵਿਧਾਇਕ ਚੋਧਰੀ ਨੇ 32 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਉਦਘਾਟਨ ਕੀਤਾ



**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਕਾਲਾ ਸਿੰਘਾਂ ਰੋਡ ਤੋਂ ਵਡਾਲੇ ਪਿੰਡ ਨੂੰ ਜਾਣ ਵਾਲੀ 32 ਲੱਖ ਦੀ ਲਾਗਤ ਨਾਲ ਨਵੀ ਬਣ ਰਹੀ ਸੜਕ ਦਾ ਉਦਘਾਟਨ ਕਹੀ ਨਾਲ ਟੱਕ ਲਗਾ ਕੇ ਕਰਦੇ ਹੋਏ ਚੋਧਰੀ ਸੁਰਿੰਦਰ ਸਿੰਘ ਐੱਮ ਐੱਲ ਏ ਕਰਤਾਰਪੁਰ ਅਤੇ ਨਾਲ ਖੜੇ ਪਤਵੰਤੇ ਸੱਜਣ।

## ਕਰਤਾਰਪੁਰ ਪੁਲਿਸ ਨੇ ਝੁੱਗੀਆਂ ਵਿੱਚ ਜਾ ਕੇ ਖਾਣਾ ਤੇ ਮਾਸਕ ਵੰਡੇ



**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਕਰਤਾਰਪੁਰ ਪੁਲਿਸ ਨੇ ਥਾਣਾ ਮੁਖੀ ਇੰਸਪੈਕਟਰ ਰਾਜੀਵ ਕੁਮਾਰ ਦੀ ਅਗਵਾਈ ਵਿੱਚ ਰੇਲਵੇ ਫਾਟਕ ਨੇੜੇ ਕਪੂਰਥਲਾ ਰੋਡ ਵਿਖੇ ਝੁੱਗੀਆਂ ਵਿੱਚ ਜਾ ਕੇ 50 ਲੋੜਵੰਦ ਗਰੀਬ ਲੋਕਾਂ ਨੂੰ ਖਾਣਾ ਅਤੇ ਮਾਸਕ ਵੰਡੇ ਗਏ। ਵਰਣਨਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ ਇਥੇ ਕੁੱਝ ਝੁੱਗੀਆਂ ਨੂੰ ਅੱਗ ਲੱਗਣ ਕਰਕੇ ਇਹਨਾਂ ਮਜਦੂਰਾਂ ਦਾ ਸਭ ਕੁਝ ਸੜ ਗਿਆ ਸੀ।

# ਭਗਵਾਨ ਪਰਸ਼ੂਰਾਮ ਜੀ ਦੇ ਜਨਮ ਉਤਸਵ ਤੇ ਅਲੱਗ-ਅਲੱਗ ਤਰ੍ਹਾਂ ਦੇ ਪੌਦੇ ਲਗਾਏ ਗਏ

**ਕਰਤਾਰਪੁਰ (ਜਸਵੰਤ ਵਰਮਾ ਦਿਨੇਸ਼ ਕੁਮਾਰ )** ਭਗਵਾਨ ਪਰਸ਼ੂਰਾਮ ਜੀ ਦੇ ਜਨਮ ਦਿਵਸ ਮੌਕੇ ਸ੍ਰੀ ਬ੍ਰਾਹਮਣ ਸਭਾ ਯੂਥ ਵਿੰਗ ਪੰਜਾਬ ਦੇ ਪ੍ਰਧਾਨ ਰਾਜਨ ਸ਼ਰਮਾ ਅਤੇ ਸਮਾਜਸੇਵੀ ਸੰਸਥਾ ਨੇਕੀ ਦੀ ਦੁਕਾਨ ਦੇ ਪ੍ਰਧਾਨ ਮਾਸਟਰ ਅਮਰੀਕ ਸਿੰਘ ਦੀ ਦੇਖਰੇਖ ਹੇਠ ਜੱਸਾ ਮੱਲ ਤਲਾਬ ਤੇ ਅਲੱਗ ਅਲੱਗ ਤਰ੍ਹਾਂ ਦੇ ਬੂਟੇ ਲਗਾਏ ਗਏ ਇਸ ਮੌਕੇ ਰਾਜਨ ਸ਼ਰਮਾ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਇੱਕ ਇੱਕ ਬੂਟਾ ਜ਼ਰੂਰ ਲਗਾਉਣਾ ਚਾਹੀਦਾ ਹੈ ਅਤੇ ਉਸ ਦੀ ਦੇਖਭਾਲ ਕਰਨੀ ਚਾਹੀਦੀ ਹੈ ਤਾਂ ਕੀ ਵਾਤਾਵਰਨ ਸਾਫ ਸੁਥਰਾ ਹੋ ਸਕੇ।ਤਾਂ ਹੀ ਅਸੀਂ ਸਾਰੇ ਤੰਦਰੁਸਤ ਰਹਾਂਗੇ।ਇਸ ਮੌਕੇ ਉੱਤੇ ਸ਼ਾਮ ਸੁੰਦਰ ਪਟਵਾਰੀ, ਰਾਜਿੰਦਰ ਕੁਮਾਰ ਸ਼ਰਮਾ, ਰਾਹੁਲ ਸ਼ਰਮਾ ,ਮਾਸਟਰ ਅਮਰੀਕ ਸਿੰਘ,ਰਜਿੰਦਰ ਸ਼ਰਮਾ(ਟੱਪੂ ), ਮੋਹਣੀ ਪਹਿਲਵਾਨ ,ਮਹੰਤ ਪੁਰੁਸ਼ੋਤਮ ਦਾਸ ਜੀ ,ਕੌਸ਼ਲੇਦਰ ਏਰੀ ,ਦੀਪਕ ਸ਼ਰਮਾ, ਰੋਹਿਤ ਸ਼ਰਮਾ ,ਪਵਨ ਸ਼ਰਮਾ ,ਗਗਨ ਗੌਤਮ ,ਆਦਿ ਮੌਜੂਦ ਸਨ ।



## ਸੈਐਚਸੀ ਬੁੱਢਾਵੜ ਅਧੀਨ ਪੈਂਦੇ ਭੰਗਾਲਾ ਦੇ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਵਿਖੇ 18 ਤੋਂ 44 ਸਾਲਾਂ ਦੇ ਵਿਅਕਤੀਆਂ ਦੇ ਕੋਵਿਡ-19 ਟੀਕਾਕਰਨ ਦੀ ਸੂਰੂਆਤ: ਡਾਕਟਰ ਹਰਜੀਤ ਸਿੰਘ

**ਹਾਜੀਪੁਰ, ਬੁੱਢਾ ਬੜ (ਜਸਵੀਰ ਸਿੰਘ ਪੁਰੇਵਾਲ)** ਪੰਜਾਬ ਸਰਕਾਰ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਸ੍ਰੀ ਰਣਜੀਤ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾਕਟਰ ਹਰਜੀਤ ਸਿੰਘ ਦੀ ਅਗਵਾਈ ਹੇਠ ਬਲਾਕ ਬੁੱਢਾਵੜ ਅਧੀਨ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਭੰਗਾਲਾ ਵਿਖੇ 18 ਤੋਂ 44 ਸਾਲ ਦੇ ਵਿਅਕਤੀ (ਜਿਹਨਾਂ ਨੂੰ ਕੋਈ ਲੰਬੀ ਬਿਮਾਰੀ ਜਾਂ ਬੀ ਪੀ ਸੂਗਰ ਸਟਰੋਕ ਮਾਨਸਿਕ ਤਣਾਅ, ਮੋਟਾਪਾ ਆਦਿ) ਹੈ ਦਾ 19 ਦਾ ਟੀਕਾਕਰਨ ਦੀ ਸੂਰੂਆਤ ਕੀਤੀ ਗਈ। ਉਨ੍ਹਾਂ ਦੱਸਿਆ ਕਿ ਅੱਜ ਮਿਤੀ 14 ਮਈ 2021 ਨੂੰ ਸਿਵਲ ਸਰਜਨ ਹੁਸ਼ਿਆਰਪੁਰ ਅਤੇਜ਼ਲ੍ਹਿਾ ਟੀਕਾਕਰਨ ਅਫਸਰ ਹੁਸ਼ਿਆਰਪੁਰ ਦੀਆਂ ਹਦਾਇਤਾਂ ਅਨੁਸਾਰ ਪਿੰਡ ਭੰਗਾਲਾ ਵਿਖੇ 18 ਸਾਲ ਤੋਂ ਉਪਰ ਅਤੇ 45 ਸਾਲ ਤੋਂ ਘੱਟ ਦੇ ਵਿਅਕਤੀਆਂ ਦਾ ਟੀਕਾਕਰਨ ਕੀਤਾ ਜਾ ਰਿਹਾ ਹੈ। ਬਲਾਕ ਬੁੱਢਾਵੜ ਵਿਖੇ ਕੋਵਿਡ ਦੇ ਵਧ ਰਹੇ ਕੇਸਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਟੀਕਾਕਰਨ ਦੀ ਸੂਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਟੀਕਾਕਰਨ ਬਿਲਕੁਲ ਸੁਰੱਖਿਅਤ ਹੈ।ਇਸ ਤੋਂ ਇਲਾਵਾ ਰਿੰਪੀ ਬਲਾਕ ਐਕਸਟੈਨਸ਼ਨ ਐਜੂਕੇਟਰ ਨੇ ਦੱਸਿਆ ਕਿ ਇਹ ਟੀਕਾ ਕਰਨ ਹਰ ਰੋਜ਼ ਕੀਤਾ ਜਾਣਾ ਹੈ। ਟੀਕਾ ਕਰਨ ਕਰਾਉਣ ਲਈ ਆਪਣਾ ਆਧਾਰ ਕਾਰਡ ਨਾਲ ਲੈ ਕੇ ਜ਼ਰੂਰ



ਜਾਓ। ਉਨ੍ਹਾਂ ਦੱਸਿਆ ਕਿ ਭੰਗਾਲਾ ਵਿਖੇ 104 ਲਾਭਪਾਤਰੀਆਂ ਦਾ ਟੀਕਾਕਰਨ ਕੀਤਾ ਗਿਆ ਹੈ। ਇਸ ਮੌਕੇ ਨਰਿਸ਼ਾ, ਸੁਸ਼ਮਾ ,ਰਾਜ ਰਾਣੀ , ਮਲਕੀਤ ਸਿੰਘ, ਚੰਪਾ ਦੇਵੀ ਆਦਿ ਹਾਜ਼ਰ ਸਨ।

# ਭਗਵਾਨ ਪਰਸ਼ੂਰਾਮ ਮੰਦਿਰ ਵਿਚ ਮਨਾਇਆ ਗਿਆ ਸ਼ਰਧਾ ਪੂਰਵਕ ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦਾ ਜਨਮ ਉਤਸਵ

**ਕਰਤਾਰਪੁਰ ( ਜਸਵੰਤ ਵਰਮਾ, ਦਿਨੇਸ਼ ਕੁਮਾਰ )**ਭਗਵਾਨ ਵਿਸ਼ਨੂੰ ਜੀ ਦੇ ਛੇਵੇਂ ਅਵਤਾਰ ਅਜਰ, ਅਮਰ, ਅਵਿਨਾਸ਼ੀ, ਰੇਣੂਕਾ ਨੰਦਨ ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦਾ ਜਨਮ ਉਤਸਵ ਬੜੀ ਹੀ ਸ਼ਰਧਾ ਪੂਰਵਕ ਦੇ ਨਾਲ ਸ਼੍ਰੀ ਬ੍ਰਾਹਮਣ ਸਭਾ ਕਰਤਾਰਪੁਰ ਦੇ ਵੱਲੋਂ ਪ੍ਰਧਾਨ ਪੰਡਤ ਰਮੇਸ਼ ਸ਼ਰਮਾ ਜੀ ਦੀ ਦੇਖ ਰੇਖ ਵਿਚ ਭਗਵਾਨ ਸ਼੍ਰੀ ਪਰਸ਼ੂਰਾਮ ਮੰਦਰ ਕੱਤਣੀ ਗੇਟ ਕਰਤਾਰਪੁਰ ਵਿੱਚ ਮਨਾਇਆ ਗਿਆ । ਸਭ ਤੋਂ ਪਹਿਲਾਂ ਪੰਡਿਤ ਰਮੇਸ਼ ਸ਼ਰਮਾ ਪਰਿਵਾਰ ਵਾਲਿਆਂ ਨੇ ਦੁੱਧ ਅਭਿਸ਼ੇਕ ਕਰਵਾ ਕੇ ਪੂਜਾ, ਅਰਚਨਾ ਕੀਤੀ ,ਉਸ ਤੋਂ ਬਾਅਦ ਮੁੱਖ ਜਜਮਾਨ ਸੰਜੀਵ ਸ਼ਰਮਾ ,ਈਸ਼ਾ ਸ਼ਰਮਾ,ਵੱਲੋਂ ਹਵਨ ਯੱਗ ਕਰਵਾਇਆ ਗਿਆ ।ਜਿਸ ਵਿੱਚ ਪੰਡਤ ਜੈ ਸ਼ੰਕਰ ਝਾ ਨੇ ਮੰਤਰੋ ਉਚਾਰਨ ਦੇ ਨਾਲ ਦੇ ਇਸ ਹਵਨ ਯੱਗ ਨੂੰ ਸੰਪੰਨ ਕਰਵਾਇਆ ।

ਮੰਦਿਰ ਵਿੱਚ ਹਨੂੰਮਤ ਧਵਜਾਰੋਹਨ ਵਿਸ਼ੇਸ਼ ਮਹਿਮਾਨ।ਕੁਲਦੀਪ ਰਿਖੀ ਵੱਲੋਂ ਕੀਤਾ ਗਿਆ ।ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦੀ ਆਰਤੀ ਕਰ ਕੇ ਸਾਰੇ ਭਗਤਾਂ ਨੂੰ ਪ੍ਰਸ਼ਾਦ ਵੰਡਿਆ ਗਿਆ ।ਪੰਜਾਬ ਸਰਕਾਰ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਕੋਵਿਡ-19 ਨੂੰ ਦੇਖਦੇ ਹੋਏ ਸਾਰਾ ਪ੍ਰੋਗਰਾਮ ਮੰਦਰ ਦੇ ਵਿਹੜੇ ਵਿੱਚ ਹੋਇਆ ।ਇਸ ਮੌਕੇ ਤੇ ਚੇਅਰਮੈਨ ਸ਼ੰਭੂ ਨਾਥ ਰਿਖੀ ਨੇ ਸਾਰੇ ਦੇਸ਼ ਵਾਸੀਆਂ ਨੂੰ ਭਗਵਾਨ ਪਰਸ਼ੂਰਾਮ ਜੀ ਦੇ ਜਨਮ ਉਤਸਵ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਦਰਸਾਏ ਹੋਏ ਮਾਰਗ ਤੇ ਚੱਲਣ ਲਈ ਸਾਰਿਆਂ ਨੂੰ ਪ੍ਰੇਰਿਤ ਕੀਤਾ । ਮੁੱਖ ਮਹਿਮਾਨ ਸੰਜੀਵ ਸ਼ਰਮਾ ਪਰਿਵਾਰ ਵਾਲਿਆਂ ਵੱਲੋਂ ਚੁੰਨੀ ਅਤੇ ਸਨਮਾਨ ਚਿੰਨ੍ਹ ਦੇ ਬ੍ਰਾਹਮਣ ਸਭਾ ਦੇ ਆਹੁਦੇਦਾਰਾਂ ਨੂੰ ਸਨਮਾਨਤ ਕੀਤਾ ।ਇਸ ਮੌਕੇ ਤੇ ਚੇਅਰਮੈਨ ਪੰਡਿਤ ਸ਼ੰਭੂ ਨਾਥ ਰਿਖੀ,ਪ੍ਰਧਾਨ ਰਮੇਸ਼ ਸ਼ਰਮਾ, ਦਰਸ਼ਨ ਕੁਮਾਰ



ਸ਼ਰਮਾ ,ਤਰਲੋਕ ਚੰਦਰ ਰਿਖੀ,ਸ਼ਾਮ ਲਾਲ ਸ਼ਰਮਾ,ਸੁਰਜੀਤ ਪ੍ਰਕਾਸ਼ ਰਿਸ਼ੀ,ਪਰਦੀਪ ਸ਼ਰਮਾ, ਵਿਨੋਦ ਜਸਰਾ,ਮਾਸਟਰ ਸਤੀਸ਼ ਸ਼ਰਮਾ ,ਮਾਸਟਰ ਅਮਰੀਕ ਸਿੰਘ ,ਕੋਸ਼ਲੇਦਰ ਏਰੀ,ਗਗਨ ਗੌਤਮ, ਸ਼ੋਭਿਤ ਸ਼ਰਮਾ ,ਊਸ਼ਾ ਸ਼ਰਮਾ, ਮਨੀਸ਼ ਸ਼ਰਮਾ ,ਰਾਹੁਲ ਸ਼ਰਮਾ ,ਰਮਨ ਨਾਗਰ, ਪੰਡਿਤ ਰਾਮ ਕੁਮਾਰ ਸ਼ਰਮਾ ਬਹੁਤ ਸਾਰੇ ਸ਼ਰਧਾਲੂਗੰਨਣਾਨੇ ਮੰਦਰ ਵਿੱਚ ਮੱਥਾ ਟੇਕ ਕੇ ਅਸ਼ੀਰਵਾਦ ਪ੍ਰਾਪਤ ਕੀਤਾ ।

# ਜਲ ਸਪਲਾਈ ਵਿਭਾਗ ਦੇ ਦਫਤਰੀ ਅਤੇ ਫੀਲਡ ਕਾਮਿਆਂ ਵੱਲੋਂ 17 ਮਈ ਕਾਰਜਕਾਰੀ ਇੰਜੀਨੀਅਰ ਮੰਡਲ ਤਲਵਾੜਾ ਦੇ ਦਫਤਰ ਮੂਹਰੇ ਦਿੱਤਾ ਜਾਵੇਗਾ ਰੋਸ ਧਰਨਾ

**ਹੁਸ਼ਿਆਰਪੁਰ/ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਜਲ ਸਪਲਾਈ ਅਤੇ ਸੈਨੀਟੇਸ਼ਨ ਵਰਕਰਜ਼ ਯੂਨੀਅਨ ਰਜਿ-26 ਦੀ ਬ੍ਰਾਂਚ ਕਮੇਟੀ ਤਲਵਾੜਾ ਦੀ ਮੀਟਿੰਗ ਪ੍ਰਧਾਨ ਸਤੀਸ਼ ਕੁਮਾਰ ਅਤੇ ਹਰੀਸ਼ ਚੰਦਰ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਜਾਣਕਾਰੀ ਦਿੰਦਿਆਂ ਆਗੂਆਂ ਨੇ ਦੱਸਿਆ ਕਿ ਜਲ ਸਪਲਾਈ ਵਿਭਾਗ ਦੇ ਵਿਚ ਇਨਲਿਸਟਮੈਂਟ ਪਾਲਿਸੀ ਅਧੀਨ ਚਾਰ ਹਜ਼ਾਰ ਦੇ ਕਰੀਬ ਠੇਕਾ ਆਧਾਰਤ ਕਾਮੇ ਦਫ਼ਤਰਾਂ ਅਤੇ ਫੀਲਡ ਵਿੱਚ ਪਿਛਲੇ 15 ਸਾਲਾਂ ਤੋਂ ਕੰਮ ਕਰ ਰਹੇ ਹਨ। ਪਰ ਵਿਭਾਗ ਵੱਲੋਂ ਇਨ੍ਹਾਂ ਕਾਮਿਆਂ ਦਾ ਲਗਾਤਾਰ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਹ ਕਾਮੇ ਪੰਜ ਪੰਜ ਪੋਸਟਾਂ ਦੇ ਉੱਪਰ ਵਿਭਾਗ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ ਪਰ ਇਨ੍ਹਾਂ ਵਰਕਰਾਂ ਨੂੰ ਇਕ ਵੀ ਪੋਸਟ ਦੀ ਤਨਖਾਹ ਪੂਰੀ ਨਹੀਂ ਦਿੱਤੀ ਜਾ ਰਹੀ ਹੈ। ਇਹ ਕਾਮੇ ਕੋਰੋਨਾ ਵਰਗੀ ਮਹਾਂਮਾਰੀ ਦੇ ਵਿੱਚ ਵੀ ਬਿਨਾਂ ਕਿਸੇ ਬੀਮੇ ਦੇ ਆਪਣੀਆਂ ਸੇਵਾਵਾਂ ਦੇ ਰਹੇ ਹਨ, ਪਰ ਵਿਭਾਗ ਦੇ ਕਾਰਜਕਾਰੀ ਇੰਜਨੀਅਰਾਂ ਵੱਲੋਂ ਇਨ੍ਹਾਂ ਕਾਮਿਆਂ ਦਾ ਲਗਾਤਾਰ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਹ ਕਾਮੇ ਨਿਗੂਣੀਆਂ ਤਨਖਾਹਾਂ ਦੇ ਉੱਪਰ ਆਪਣੇ ਪਰਿਵਾਰਾਂ ਦੇ ਗੁਜ਼ਾਰਾ ਕਰ ਰਹੇ ਹਨ ਜਦ ਕਿ ਕੋਰੋਨਾ ਵਰਗੀ ਮਹਾਂਮਾਰੀ ਦੌਰਾਨ ਵਧਦੀ ਹੋਈ ਮਹਿੰਗਾਈ ਕਾਰਨ ਇਨ੍ਹਾਂ ਕਾਮਿਆਂ ਦੇ ਪਰਿਵਾਰਾਂ ਦਾ ਗੁਜ਼ਾਰਾ ਇਤਨੀਆਂ ਘੱਟ ਤਨਖ਼ਾਹਾਂ ਵਿੱਚ ਕਰਨਾ ਹੁਣ ਬਹੁਤ ਮੁਸ਼ਕਿਲ ਹੋ ਗਿਆ ਹੈ। ਇਸ ਸਬੰਧੀ ਜਥੇਬੰਦੀ ਦੀ ਜ਼ਿਲ੍ਹਾ ਕਮੇਟੀ ਵੱਲੋਂ ਪਿਛਲੀ ਦਿਨੀਂ ਨਿਗਰਾਨ ਇੰਜੀਨੀਅਰ ਹਲਕਾ ਹੁਸ਼ਿਆਰਪੁਰ ਨਾਲ ਇਸ ਸਬੰਧੀ ਮੀਟਿੰਗ ਕੀਤੀ ਗਈ ਸੀ ਕਿ ਇਨ੍ਹਾਂ ਵਰਕਰਾਂ ਦਾ ਸ਼ੋਸ਼ਣ ਬੰਦ ਕਰਵਾਇਆ ਜਾਵੇ ਅਤੇ ਪੰਜ ਪੰਜ ਪੋਸਟਾਂ ਦੀ ਜਗ੍ਹਾ ਇੱਕ ਹੀ ਪੋਸਟ ਦਾ ਕੰਮ ਇਨ੍ਹਾਂ ਵਰਕਰਾਂ ਪਾਸੋਂ ਲਿਆ ਜਾਵੇ ਅਤੇ ਇਨ੍ਹਾਂ ਵਰਕਰਾਂ ਦੀਆਂ ਤਨਖਾਹਾਂ ਵਿਚ ਵਾਧਾ ਕੀਤਾ ਜਾਵੇ। ਪਿਛਲੇ ਦੋ ਮਹੀਨਿਆਂ ਤੋਂ ਵਰਕਰਾਂ ਦੀਆਂ ਤਨਖ਼ਾਹਾਂ ਅਜੇ ਤੱਕ ਕਾਰਜਕਾਰੀ ਇੰਜਨੀਅਰ ਵੱਲੋਂ ਪਾਸ ਨਹੀਂ ਕੀਤੀਆਂ ਗਈਆਂ ਉਹ ਵੀ ਪਾਸ ਕੀਤੀਆਂ ਜਾਣ। ਪਰ ਵਿਭਾਗ ਦੇ ਨਿਗਰਾਨ ਇੰਜੀਨੀਅਰ ਹਲਕਾ ਹੁਸ਼ਿਆਰਪੁਰ ਵੱਲੋਂ ਇਸ ਸਬੰਧੀ ਇਹ ਕਹਿ ਕੇ ਪੱਲਾ ਝਾੜ ਦਿੱਤਾ ਕਿ ਇਨ੍ਹਾਂ ਮੰਗਾਂ ਨੂੰ ਹੱਲ



ਕਰਨ ਦਾ ਅਧਿਕਾਰ ਸਿਰਫ਼ ਕਾਰਜਕਾਰੀ ਇੰਜੀਨੀਅਰਾਂ ਨੂੰ ਹੀ ਹੈ। ਨਿਗਰਾਨ ਇੰਜਨੀਅਰ ਦਾ ਕਹਿਣਾ ਸੀ ਕਿ ਇਹ ਮੰਗਾਂ ਕਾਰਜਕਾਰੀ ਇੰਜੀਨੀਅਰ ਦੇ ਅਧਿਕਾਰ ਖੇਤਰ ਵਿੱਚ ਆਉਂਦੀਆਂ ਹਨ ਪਰ ਇਸ ਸਬੰਧੀ ਜਥੇਬੰਦੀ ਵੱਲੋਂ ਜਦੋਂ ਕਾਰਜਕਾਰੀ ਇੰਜਨੀਅਰਾਂ ਨਾਲ ਗੱਲਬਾਤ ਕੀਤੀ ਗਈ ਤਾਂ ਕਾਰਜਕਾਰੀ ਇੰਜਨੀਅਰ ਵੱਲੋਂ ਇਨ੍ਹਾਂ ਮੰਗਾਂ ਨੂੰ ਮੰਨਣ ਤੋਂ ਪਾਸਾ ਵੱਟ ਦਿੱਤਾ ਅਤੇ ਸਾਫ਼ ਸਾਫ਼ ਜਵਾਬ ਦਿੱਤਾ ਕਿ ਕਿਸੇ ਵੀ ਹਾਲਤ ਵਿੱਚ ਇਨ੍ਹਾਂ ਵਰਕਰਾਂ ਦੀਆਂ ਤਨਖਾਹਾਂ ਵਿਚ ਵਾਧਾ ਨਹੀਂ ਕੀਤਾ ਜਾ ਸਕਦਾ ਅਤੇ ਇਹ ਵਰਕਰ ਪੰਜ ਪੰਜ ਪੋਸਟਾਂ ਤੇ ਹੀ ਕੰਮ ਕਰਨਗੇ ਜਿਸ ਕਰ ਕੇ ਸਮੂਹ ਦਫਤਰੀ ਅਤੇ ਫੀਲਡ ਅਮਲੇ ਵਿਚ ਰੋਸ ਫੈਲ ਗਿਆ ਅਤੇ ਜਥੇਬੰਦੀ ਨੇ ਐਲਾਨ ਕੀਤਾ ਕਿ ਜੇਕਰ ਕਾਰਜਕਾਰੀ ਇੰਜੀਨੀਅਰ ਮੰਡਲ ਤਲਵਾੜਾ ਵੱਲੋਂ ਵਰਕਰਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾ 17ਮਈ ਨੂੰ ਜ਼ਲ੍ਹਿੇ ਦੇ ਸਮੂਹ ਠੇਕਾ ਆਧਾਰਤ ਦਫ਼ਤਰੀ ਅਤੇ ਫੀਲਡ ਕਾਮੇ ਇਨ੍ਹਾਂ ਕਾਰਜਕਾਰੀ ਇੰਜਨੀਅਰ ਦੇ ਦਫਤਰਾਂ ਦੇ ਬਾਹਰ ਧਰਨਾ ਦੇਣਗੇ ਜਿਸ ਦੀ ਸਾਰੀ ਜ਼ੰਿਮੇਵਾਰੀ ਉਕਤ ਅਧਿਕਾਰੀਆਂ ਦੀ ਹੋਵੇਗੀ। ਇਸ ਮੌਕੇ ਹਾਜ਼ਰ ਸਾਥੀ ਰਣਜੀਤ ਸਿੰਘ, ਅਮਨ ਰਾਣਾ, ਰਮਨ ਕੁਮਾਰ, ਕਪਿਲ ਦੇਵ, ਰਾਜ ਕੁਮਾਰ ਬਲਵੀਰ ਸਿੰਘ।

## ਜ਼ਿਲ੍ਹੇ ਦੇ ਸੇਵਾ ਕੇਂਦਰਾਂ 17 ਮਈ ਤੋਂ ਸਵੇਰੇ 7:30 ਤੋਂ 3 ਵਜੇ ਤੱਕ ਦਿੱਤੀਆਂ ਜਾ ਜਾਣਗੀਆਂ ਸੇਵਾਵਾਂ, ਕੋਵਿਡ 19 ਦੇ ਚਲਦਿਆਂ ਬਦਲਿਆ ਸਮਾਂ- ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ (ਜਸਵੀਰ ਸਿੰਘ ਪੁਰੇਵਾਲ)** ਹੁਸ਼ਿਆਰ-ਪੁਰ ਦੇ ਡਿਪਟੀ ਕਮਿਸ਼ਨਰ ਮੈਡਮ ਅਪਨੀਤ ਰਿਆਤ ਨੇ ਦੱਸਿਆ ਕਿ ਕੋਵਿਡ-19 ਦੇ ਫੈਲਾਅ ਨੂੰ ਰੋਕਣ ਲਈ ਸੇਵਾ ਕੇਂਦਰਾਂ ਦੇ ਸਮੇਂ ਵਿੱਚ ਬਦਲਾਅ ਕੀਤਾ ਗਿਆ ਹੈ ਅਤੇ 17 ਮਈ ਤੋਂ ਸੇਵਾ ਕੇਂਦਰ 7:30 ਤੋਂ 3 ਵਜੇ ਤੱਕ ਖੁੱਲਣਗੇ। ਉਨ੍ਹਾਂ ਕਿਹਾ ਕਿ ਸੇਵਾ ਕੇਂਦਰਾਂ ਵਿੱਚ ਸੇਵਾ ਲੈਣ ਲਈ ਹੁਣ ਅਗੇਤੀ ਮਨਜ਼ੂਰੀ (ਅਪਾਇਟਮੈਂਟ) ਲੈਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਬਿਨ੍ਹਾਂ ਅਪਾਇਟਮੈਂਟ ਕਿਸੇ ਵੀ ਬਿਨੈਕਾਰ ਨੂੰ ਸੇਵਾ ਪ੍ਰਦਾਨ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਪਾਇਟਮੈਂਟ ਮੋਬਾਇਲ ਐਪ ਐਮ-ਸੇਵਾ, ਕੋਵਾ ਐਪ, ਜ਼ਲ੍ਹਿਾ ਪ੍ਰਸ਼ਾਸਨ ਹੁਸ਼ਿਆਰਪੁਰ ਦੀ ਵੈਬਸਾਈਟ 'ਤੇ ਜਾ ਕੇ ਲਈ ਜਾ ਸਕਦੀ



ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕੋਵਿਡ-19 ਦੇ ਫੈਲਾਅ ਨੂੰ ਰੋਕਣ ਦੇ ਲਈ ਜ਼ਲ੍ਹਿਾ ਪ੍ਰਸ਼ਾਸਨ ਵਲੋਂ ਇਹ ਪਹਿਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜਦੋਂ ਤੋਂ ਸੇਵਾ ਕੇਂਦਰਾਂ ਵਿੱਚ ਅਪਾਇਟਮੈਂਟ ਦੇ ਜ਼ਰੀਏ ਸੇਵਾਵਾਂ ਸ਼ੁਰੂ ਹੋਈਆਂ ਹਨ ਉਦੋਂ ਤੋਂ ਸੇਵਾ ਕੇਂਦਰਾਂ ਵਿੱਚ ਭੀੜ ਘੱਟ ਗਈ ਹੈ ਅਤੇ ਲੋਕ ਬਹੁਤ ਘੱਟ ਸਮੇਂ ਵਿੱਚ ਆਪਣਾ ਕੰਮ ਕਰਵਾ ਲੈਂਦੇ ਹਨ। ਉਨ੍ਹਾਂ ਜ਼ਲ੍ਹਿਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਨਲਾਈਨ ਸਿਸਟਮ ਨੂੰ ਅਪਣਾਉਣ ਨਿਰਵਿਘਨ ਆਪਣੀਆਂ ਸੇਵਾਵਾਂ ਸੇਵਾ ਕੇਂਦਰਾਂ ਤੋਂ ਹਾਸਲ ਕਰਨ। ਉਨ੍ਹਾਂ ਨੇ ਸੇਵਾ ਕੇਂਦਰਾਂ ਵਿੱਚ ਕੋਵਿਡ ਸਬੰਧੀ ਸਿਹਤ ਪ੍ਰੋਟੋਕੋਲ ਦਾ ਸਖ਼ਤੀ ਨਾਲ ਪਾਲਣ ਕੀਤਾ ਜਾ ਰਿਹਾ ਹੈ, ਇਸ ਲਈ ਸਾਰੇ ਨਿਯਮਾਂ ਦੀ ਪਾਲਣਾ ਦਾ ਸਹਿਯੋਗ ਕਰਨ।

# ਐਸ. ਐਸ. ਪੀ. ਵੱਲੋਂ ਲੋੜਵੰਦ ਕੋਵਿਡ ਮਰੀਜਾਂ ਨੂੰ ਮੁਫ਼ਤ ਭੋਜਨ ਮੁਹੱਈਆ ਕਰਵਾਉਣ ਦੀ ਸੂਰੂਆਤ

### 112/181 ਹੈਲਪਲਾਈਨ 'ਤੇ ਫ਼ੋਨ ਆਉਣ ਉਪਰੰਤ ਵਿਸ਼ੇਸ਼ ਟੀਮਾਂ ਮਰੀਜ਼ਾਂ ਦੇ ਘਰਾਂ 'ਚ ਪਹੁੰਚਾਉਣਗੀਆਂ ਤਿਆਰ ਭੋਜਨ: ਨਵਜੋਤ ਸਿੰਘ ਮਾਹਲ

**ਹੁਸ਼ਿਆਰਪੁਰ (ਜਸਵੀਰ ਸਿੰਘ ਪੁਰੇਵਾਲ)** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬੀਤੇ ਕੱਲ ਗਰੀਬ ਕੋਵਿਡ ਮਰੀਜ਼ਾਂ ਨੂੰ ਮੁਫ਼ਤ ਭੋਜਨ ਮੁਹੱਈਆ ਕਰਾਉਣ ਦੇ ਐਲਾਨ ਉਪਰੰਤ ਅੱਜ ਸਥਾਨਕ ਪੁਲਿਸ ਲਾਈਨ 'ਚ ਬਣਾਈ 'ਕੋਵਿਡ ਕੈਂਟੀਨ' ਤੋਂ ਐਸ. ਐਸ. ਪੀ. ਨਵਜੋਤ ਸਿੰਘ ਮਾਹਲ ਨੇ ਇਸ ਭਲਾਈ ਕਾਰਜ ਦੀ ਸੂਰੂਆਤ ਕਰਾਈ। ਲੋੜਵੰਦ ਕੋਵਿਡ ਮਰੀਜ਼ਾਂ ਲਈ ਇਸ ਉਪਰਾਲੇ ਨੂੰ ਸ਼ੁਰੂ ਕਰਨ ਮੌਕੇ ਐਸ. ਐਸ. ਪੀ. ਨਵਜੋਤ ਸਿੰਘ ਮਾਹਲ ਨੇ ਕਿਹਾ ਕਿ ਡੀ. ਜੀ. ਪੀ. ਦਿਨਕਰ ਗੁਪਤਾ ਦੇ ਨਿਰਦੇਸ਼ਾਂ 'ਤੇ ਅੱਜ ਜਿਲੇ 'ਚ ਭੋਜਨ ਮੁਹੱਈਆ ਕਰਾਉਣ ਦੀ ਸੂਰੂਆਤ ਨਾਲ ਹੁਣ ਗਰੀਬ ਅਤੇ ਬੇਸਹਾਰਾ ਕੋਵਿਡ ਮਰੀਜ ਹੈਲਪਲਾਈਨ ਨੰਬਰ 112 ਤੇ 181 ਉਤੇ ਕਾਲ ਕਰ ਸਕਦੇ ਹਨ ।ਉਨ੍ਹਾਂ ਦੱਸਿਆ ਕਿ ਮਰੀਜਾਂ ਦੇ ਘਰਾਂ ਤੱਕ ਭੋਜਨ ਪਹੁੰਚਾਉਣ ਲਈ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ ਜਿਹੜੀਆਂ ਉਨ੍ਹਾਂ ਨੂੰ ਬਿਲਕੁਲ ਤਿਆਰ ਭੋਜਨ ਸੌਂਪਣਗੀਆਂ। ਉਨ੍ਹਾਂ ਦੱਸਿਆ ਕਿ ਇਹ ਭੋਜਨ ਬਹੁਤ ਹੀ ਪੌਸ਼ਟਿਕ, ਸਿਹਤਮੰਦ, ਸੁੱਧ ਅਤੇ ਸਾਫ਼-ਸੁਥਰਾ ਹੈ ਜਿਸ ਵਿੱਚ ਇਕ ਦਾਲ, ਇਕ ਸਬਜ਼ੀ, ਸਲਾਦ ਅਤੇ ਫੁਲਕੇ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਜਿਲਾ ਪੁਲਿਸ ਨੂੰ ਅੱਜ ਸਭ ਤੋਂ ਪਹਿਲੀ ਕਾਲ ਟਾਂਡਾ ਖੇਤਰ ਤੋਂ ਇਕ ਪਾਜਿਟਿਵ ਮਰੀਜ਼ ਦੀ ਆਈ ਜਿਸ ਨੂੰ ਸੰਬੰਧਤ ਟੀਮ ਵੱਲੋਂ ਉਸਦੇ ਘਰ ਭੋਜਨ ਪਹੁੰਚਾਇਆ ਗਿਆ। ਉਨ੍ਹਾਂ ਦੱਸਿਆ ਕਿ ਟੀਮਾਂ ਵੱਲੋਂ ਫੂਡ ਡਲਿਵਿਰੀ ਵੈਨਾਂ ਰਾਹੀਂ ਭਿੱਜਣ ਮਰੀਜਾਂ ਤੱਕ ਪੁਜੱਦਾ ਕੀਤਾ ਜਾਵੇਗਾ। ਐਸ. ਐਸ. ਪੀ. ਨਵਜੋਤ ਸਿੰਘ ਮਾਹਲ ਨੇ ਦੱਸਿਆ ਕਿ ਇਸ ਮਨੁੱਖਤਾਵਾਦੀ ਉਪਰਾਲੇ ਹੇਠ ਮਰੀਜ ਦਿਨ-ਰਾਤ ਕਿਸੇ ਵੀ ਸਮੇਂ ਉਤੇ ਇਨ੍ਹਾਂ ਨੰਬਰਾਂ ਉਤੇ ਕਾਲ ਕਰ ਸਕਦੇ ਹਨ ਅਤੇ ਪੰਜਾਬ ਪੁਲੀਸ ਵੱਲੋਂ ਕੋਵਿਡ ਰਸੋਈਆਂ ਅਤੇ ਡਲਿਵਰੀ ਟੀਮਾਂ ਰਾਹੀਂ



ਉਨ੍ਹਾਂ ਦੇ ਘਰ ਤੱਕ ਪੱਕਿਆ ਹੋਇਆ ਭੋਜਨ ਮੁਹੱਈਆ ਕਰਵਾਇਆ ਜਾਵੇਗਾ। ਹੁਸ਼ਿਆਰਪੁਰ ਪੁਲਿਸ ਲਾਈਨ 'ਚ ਸਥਾਪਿਤ 'ਕੋਵਿਡ ਕੈਂਟੀਨ' ਤੋਂ ਵੱਖ-ਵੱਖ ਟੀਮਾਂ ਐਸ.ਪੀ. (ਡੀ) ਰਵਿੰਦਰਪਾਲ ਸਿੰਘ ਸੰਧੂ ਦੀ ਅਗਵਾਈ ਹੇਠ ਡੀ ਐਸ ਪੀਜ ਜਸਪ੍ਰੀਤ ਸਿੰਘ ਅਤੇ ਮਾਧਵੀ ਸ਼ਰਮਾ ਦੀ ਦੇਖ-ਰੇਖ 'ਚ ਹੁਸ਼ਿਆਰਪੁਰ ਸ਼ਹਿਰ ਅਤੇ ਇਸਦੇ ਨਾਲ ਲੱਗਦੇ ਪਿੰਡਾਂ ਵਿੱਚ ਹੈਲਪਲਾਈਨ ਨੰਬਰ 'ਤੇ ਕਾਲ ਪ੍ਰਾਪਤ ਹੋਣ ਉਪਰੰਤ ਖਾਣਾ ਪਹੁੰਚਾਉਣਾ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਬਾਕੀ ਸਬ-ਡਵੀਜ਼ਨਾਂ 'ਚ ਸੰਬੰਧਤ ਡੀ.ਐਸ. ਪੀਜ ਦੀ ਨਿਗਰਾਨੀ ਹੇਠ ਟੀਮਾਂ ਮਰੀਜ਼ਾਂ ਦੇ ਘਰੀਂ ਭੋਜਨ ਪਹੁੰਚਾਉਣਗੀਆਂ।

# ਪੰਜਾਬ ਸਰਕਾਰ ਹਰ ਫਰੰਟ ਤੇ ਫੇਲ: ਮਿਨਹਾਸ

**ਮੁਕੇਰੀਆਂ/ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਭਾਜਪਾ ਦੇ ਜ਼ਿਲਾਂ ਹੁਸ਼ਿਆਰਪੁਰ ਦੇ ਜ਼ਿਲਾਂ ਪ੍ਰਧਾਨ ਸੰਜੀਵ ਮਿਨਹਾਸ ਅਤੇ ਮਹਾਂ ਮੰਤਰੀ ਅਜੇ ਕੌਸ਼ਲ ਸੇਠੂ ਹਾਜੀਪੁਰ ਭਾਜਪਾ ਮੰਡਲ ਦੇ ਪ੍ਰਧਾਨ ਅਨਿਲ ਵਸ਼ਿਸ਼ਟ ਦੇ ਦਫਤਰ ਵਿੱਚ ਆਪਣੇ ਤਲਵਾੜਾ ਫੇਰੀ ਦੌਰਾਨ ਕੁਝ ਵਕਤ ਰੁਕੇ।ਇਸ ਵਕਤ ਉਹਨਾਂ ਆਪਣੀ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਪਿਛਲੇ ਸਾਢੇ ਚਾਰ ਸਾਲ ਵਿੱਚ ਕੈਪਟਨ ਸਰਕਾਰ ਦੇ ਮੰਤਰੀ ਅਤੇ ਵਧਾਇਕ ਆਮ ਲੋਕਾਂ ਵਿੱਚ ਉਹਨਾਂ ਦਾ ਦੁੱਖ ਸੁੱਖ ਸਾਂਝਾ ਕਰਨ ਲਈ ਨਹੀਂ ਗਏ।ਹੁਣ ਜਦੋਂ ਵੋਟਾਂ ਵਿੱਚ ਥੋੜਾ ਸਮਾਂ ਰਹਿ ਗਿਆ ਹੈ ਹੁਣ ਉਹਨਾਂ ਨੂੰ ਲੋਕਾਂ ਦੀ ਯਾਦ ਸਤਾਉਣ ਲੱਗ ਪਈ ਹੈ ਅਤੇ ਕੇਂਦਰ ਸਰਕਾਰ ਦੀ ਭੇਜੀ 14 ਅਤੇ 15 ਵੇ ਵਿੱਤ ਕਮਿਸ਼ਨ ਦੇ ਭੇਜੇ ਪੈਸਿਆਂ ਨੂੰ ਆਪਣਾ ਦਸ ਕੇ ਲੋਕਾਂ ਨੂੰ ਅਤੇ ਸਰਪੰਚ ਨੂੰ ਗੁਮਰਾਹ ਕਰਦੇ ਪਏ ਹਨ ਅਤੇ ਏਥੋਂ ਤੱਕ ਸਿਹਤ ਵਿਭਾਗ ਦੀਆ ਹਦਾਇਤਾਂ ਨੂੰ ਵੀ ਨਹੀਂ ਮੰਨ ਰਹੇ ਹਨ। ਮਿਨਹਾਸ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਜੇਕਰ ਇਸ ਪਾਸੇ ਧਿਆਨ ਨਹੀਂ ਦਿੱਤਾ ਤਾਂ ਮਹਾਮਾਰੀ ਨੂੰ ਕਾਬੂ ਕਰਨ ਵਿੱਚ ਬਹੁਤ ਮੁਸ਼ਕਿਲ ਹੋ ਜਾਵੇਗਾ। ਜਿਸ ਦੀ ਜਿੰਮੇਵਾਰੀ ਪੰਜਾਬ ਦੀ ਕੈਪਟਨ ਸਰਕਾਰ ਦੀ ਹੋਵੇਗੀ। ਉਹਨਾਂ ਕਿਹਾ ਕਿ ਪੰਜਾਬ ਦੀ ਕੈਪਟਨ ਸਰਕਾਰ ਹਰ ਫਰੰਟ ਤੇ ਫੇਲ ਹੋ ਚੁਕੀ ਹੈ ਅਤੇ ਲੋਕ ਇਸ ਸਰਕਾਰ ਤੋਂ ਤੰਗ ਹਨ। ਜਿਸ



ਦਾ ਖਮਿਆਜਾ ਪੰਜਾਬ ਦੀ ਕਾਂਗਰਸ ਸਰਕਾਰ ਨੂੰ ਆਉਣ ਵਾਲੇ ਵਿਧਾਨ ਸਭਾ ਚੋਣਾਂ ਵਿੱਚ ਭੁਗਤਣਾ ਪਵੇਗਾ। ਇਸ ਵਕਤ ਉਹਨਾਂ ਨਾਲ ਹਾਜੀਪੁਰ ਦੇ ਭਾਜਪਾ ਮੰਡਲ ਦੇ ਪ੍ਰਧਾਨ ਅਨਿਲ ਵਸ਼ਿਸ਼ਟ ਵੀ ਮੌਜੂਦ ਸਨ।

# ਡਾਕਟਰ ਬੀ ਆਰ ਅੰਬੇਡਕਰ ਵੈਲ਼ਫੇਅਰ ਸੋਸਾਇਟੀ ਵੱਲੋ ਕਰੋਨਾ ਟੈਸਟ ਕਰਾਏ ਗਏ

**ਮੋਗਾ (ਰਵਿੰਦਰ ਬੁੱਟਰ ਅਤੇ ਸੀਮਾਂ ਸ਼ਰਮਾ )** ਮੋਗਾ ਜਿਲ੍ਹਾ ਦੇ ਸ਼ਹਿਰ ਬਾਗਾ ਪੁਰਾਣਾ ਵਿਚ ਡਾਕਟਰ ਬੀ ਆਰ ਅੰਬੇਡਕਰ ਵੈੱਲਫ਼ਰ ਸੋਸਾਇਟੀ ਦੇ ਪ੍ਰਧਾਨ ਅਸ਼ੋਕ ਕੁਮਾਰ ਦੀ ਅਗਵਾਈ ਵਿਚ ਪੂਰੀ ਡਾਕਟਰ ਅੰਬੇਡਕਰ ਸੋਸਾਇਟੀ ਦੀ ਟੀਮ ਵੱਲੋ ਅਤੇ ਪੂਰੇ ਰਵਿਦਾਸ ਨਗਰ ਨੇ ਕਰੋਨਾ ਟੈਸਟ ਕਰਾਏ ਗਏ ਜਿਸ ਵਿੱਚ ਆਈ ਹੋਈ ਸ਼ਿਵਲ ਹਸਪਤਾਲ ਦੀ ਮੈਡਮ ਰਵਨੀਤ ਕੌਰ ਦੀ ਨਿਗਰਾਨੀ ਵਿਚ ਸਿਵਲ ਹਸਪਤਾਲ ਦੇ ਸਟਾਫ ਵੱਲੋ ਕੀਤੇ ਗਏ ਜਿਸ ਦੀ ਰਿਪੋਰਟ ਸਾਰੇ ਹੀ ਮੈਂਬਰਾ ਦੀ ਰਿਪੋਰਟ ਨੈਗਟਿਵ ਆਈ ਜਿਸ ਤੇ ਡਾਕਟਰ ਬੀ ਆਰ ਅੰਬੇਡਕਰ ਵੀਲਫ਼ੈਅਰ ਸੋਸਾਇਟੀ ਦੇ ਮੈਂਬਰਾਂ ਪ੍ਰਧਾਨ ਅਸ਼ੋਕ ਕੁਮਾਰ ਵਾਇਸ ਪ੍ਰਧਾਨ ਅਕਾਸ਼ਦੀਪ ਮੈਂਬਰ ਰਾਕੇਸ਼ ਕੁਮਾਰ ਵਿਪਨ ਕੁਮਾਰ ਬਲਵਿੰਦਰ ਕੁਮਾਰ ਚਿਮਨ ਲਾਲ ਪ੍ਰੇਮ ਲਾਲ ਆਦਿ ਵੱਲੋ ਮੈਡਮ ਰਣਜੀਤ ਕੌਰ ਤੇ ਸਮੂਹ ਸਿਵਲ ਹਸਪਤਾਲ ਦੀ ਟੀਮ ਦਾ ਧਨਵਾਦ ਕੀਤਾ ਅਤੇ ਪ੍ਰਧਾਨ ਅਸ਼ੋਕ ਕੁਮਾਰ ਨੇ ਸਾਰੇ ਦੇਸ ਵਾਸੀਆ ਨੂੰ ਅਪੀਲ ਕੀਤੀ ਕੀ ਇਸ ਖ਼ਤਰਨਾਕ ਮਹਾਮਾਰੀ ਤੋਂ ਬਚਣ ਲਈ ਆਪਣੇ ਅਤੇ ਆਪਣੇ ਪਰਿਵਾਰ ਦਾ ਕਰੋਨਾ ਟੈਸਟ ਲਾਜ਼ਮੀ ਕਰੂਉਣਾ ਤੇ ਵਿਕਸੀਨ ਲਾਜ਼ਮੀ ਲਗਾਉਣ ਇਸ ਮੌਕੇ ਹਾਜਰ ਮੁਹੱਲਾ ਨਿਵਾਸੀ ਕੁਲਵਿੰਦਰ ਕੌਰ ਸਤਿਆ ਰਾਣੀ ਬਲਜੀਤ ਕੌਰ ਕਵਿਤਾ



ਰਾਣੀ ਵੀਰਪਾਲ ਕੌਰ ਸੋਨੀਆ ਰਾਣੀ ਮੀਨਾ ਕੁਮਾਰੀ ਰੋਹਿਤ ਕੁਮਾਰ ਮਲਕੀਤ ਰਾਮ ਕਿਰਨਾਂ ਰਾਣੀ ਕਮਲੇਸ ਰਾਣੀ ਸੁਨੀਤਾ ਰਾਣੀ ਜਸਵਿੰਦਰ ਕੌਰ ਬਕਸ਼ੀ ਰਾਮ ਰੇਸ਼ਮਾ ਰਾਣੀ ਆਦਿ ਹਾਜ਼ਰ ਸਨ,,!

## ਗੰਭੀਰ ਬਿਮਾਰੀਆਂ ਵਾਲੇ 18-44 ਉਮਰ ਵਰਗ ਦੇ ਲਾਭਪਾਤਰੀ ਕੋਵਿਡ ਬਚਾਅ ਸਬੰਧੀ ਵੈਕਸੀਨੇਸ਼ਨ ਜ਼ਰੂਰ ਕਰਵਾਉਣ : ਅਪਨੀਤ ਰਿਆਤ

**ਹੁਸ਼ਿਆਰਪੁਰ (ਜਸਵੀਰ ਸਿੰਘ ਪੁਰੇਵਾਲ)** ਹੁਸ਼ਿਆਰਪੁਰ ਡਿਪਟੀ ਕਮਿ-ਸ਼ਨਰ ਨੇ ਕਿਹਾ ਕਿ ਜ਼ਲ੍ਹਿੇ ਵਿੱਚ ਕੋਵਿਡ ਵੈਕਸੀਨੇਸ਼ਨ ਸਬੰਧੀ ਜਿਥੇ ਵੱਖ-ਵੱਖ ਥਾਵਾਂ 'ਤੇ ਟੀਕਾਕਰਣ ਕੈਂਪ ਲਗਾਏ ਜਾ ਰਹੇ ਹਨ, ਉਥੇ ਮੋਬਾਇਲ ਵੈਨ ਦੇ ਰਾਹੀਂ ਵੀ ਵੈਕਸੀਨੇਸ਼ਨ ਟੀਮਾਂ ਜ਼ਲ੍ਹਿੇ ਦੇ ਵੱਖ-ਵੱਖ ਸਥਾਨਾਂ 'ਤੇ ਯੋਗ ਲਾਭਪਾਤਰੀਆਂ ਦਾ ਟੀਕਾਕਰਣ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸੇ ਲੜੀ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੰਗਾਲਾ, ਵਿਸ਼ਵਕਰਮਾ ਮੰਦਿਰ ਸੈਕਟਰ 1 ਤਲਵਾੜਾ ਅਤੇ ਕੇਸ਼ੋ ਮੰਦਿਰ ਹੁਸ਼ਿਆਰਪੁਰ ਵਿੱਚ 18-44 ਸਾਲ ਉਮਰ ਵਰਗ ਦੇ ਗੰਭੀਰ ਬੀਮਾਰੀਆਂ ਦੇ ਮਰੀਜ਼ਾਂ ਦਾ ਰੋਜ਼ਾਨਾ ਕੋਵਿਡ ਟੀਕਾਕਰਣ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ 18 ਤੋਂ 44 ਸਾਲ ਉਮਰ ਵਰਗ ਦੇ ਨਿਰਮਾਣ ਕਾਮਿਆਂ ਦੀ ਵੈਕਸੀਨੇਸ਼ਨ ਵੀ ਕੀਤੀ ਜਾ ਰਹੀ ਹੈ, ਇਸ ਲਈ ਸਾਰੇ ਯੋਗ ਲਾਭਪਾਤਰੀ ਆਪਣਾ ਟੀਕਾਕਰਣ ਜ਼ਰੂਰ ਕਰਵਾਉਣ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਲ੍ਹਿੇ ਵਿੱਚ ਇਸ ਸਮੇਂ 100 ਦੇ ਕਰੀਬ ਵੈਕਸੀਨੇਸ਼ਨ ਟੀਮਾਂ ਹਨ ਜੋ ਕਿ ਵੱਖ-ਵੱਖ ਥਾਵਾਂ 'ਤੇ ਯੋਗ ਲਾਭਪਾਤਰੀਆਂ ਦੀ ਵੈਕਸੀਨੇਸ਼ਨ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸ਼ਨੀਵਾਰ ਨੂੰ ਸਰਵਿਸ ਕਲੱਬ ਹੁਸ਼ਿਆਰਪੁਰ ਵਿੱਚ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ 18-44 ਉਮਰ ਵਰਗ ਦੇ ਗੰਭੀਰ ਬੀਮਾਰੀਆਂ ਦੇ ਮਰੀਜ਼ਾਂ ਦਾ ਕੋਵਿਡ ਟੀਕਾਕਰਣ ਕਰਨ ਦੇ ਲਈ ਇਕ ਮੈਗਾ ਕੈਂਪ ਆਯੋਜਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਕੈਂਪ ਵਿੱਚ ਟੀਕਾਕਰਣ ਕਰਵਾਉਣ ਵਾਲੇ ਸਬੰਧਤ ਉਮਰ ਵਰਗ ਦੇ ਲਾਭਪਾਤਰੀਆਂ ਨੂੰ ਆਪਣਾ ਆਧਾਰ ਕਾਰਡ ਅਤੇ ਆਪਣੀ ਗੰਭੀਰ ਬਿਮਾਰੀ ਨਾਲ ਸਬੰਧਤ ਸਬੂਤ ਪੇਸ਼ ਕਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਮੈਗਾ ਕੈਂਪ ਵਿੱਚ ਸਿਹਤ ਵਿਭਾਗ ਦੀਆਂ 10 ਵੈਕਸੀਨੇਸ਼ਨ ਟੀਮਾਂ ਵਲੋਂ ਟੀਕਾਕਰਣ



ਕੀਤਾ ਜਾਵੇਗਾ।ਅਪਨੀਤ ਰਿਆਤ ਨੇ ਦੱਸਿਆ ਕਿ ਕੋਵਿਡ-19 ਦੇ ਪਾਜ਼ੀਟਿਵ ਮਰੀਜ਼ਾਂ ਨੂੰ ਜ਼ਲ੍ਹਿੇ ਦੇ ਹਸਪਤਾਲਾਂ ਵਿੱਚ ਬੇਹਤਰ ਸਿਹਤ ਸੁਵਿਧਾਵਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਆਕਸੀਜਨ ਅਤੇ ਦਵਾਈਆਂ ਦੀ ਹਸਪਤਾਲਾਂ ਵਿੱਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਕਿਹਾ ਕਿ ਜ਼ਲ੍ਹਿਾ ਪ੍ਰਸ਼ਾਸਨ ਨੂੰ 20 ਆਕਸੀਜਨ ਕੰਸਨਟ੍ਰੇਟਰ ਪ੍ਰਾਪਤ ਹੋਏ, ਜਿਸ ਨਾਲ ਕੋਵਿਡ ਦੇ ਮਰੀਜ਼ਾਂ ਨੂੰ ਕਾਫੀ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ ਇਹ ਆਕਸੀਜਨ ਕੰਸਨਟ੍ਰੇਟਰ ਜ਼ਲ੍ਹਿਾ ਹਸਪਤਾਲ ਹੁਸ਼ਿਆਰਪੁਰ ਅਤੇ ਸਿਵਲ ਹਸਪਤਾਲ ਦਸੂਹਾ ਵਿੱਚ ਭੇਜੇ ਜਾਣਗੇ ਤਾਂ ਜੋ ਵੱਧ ਤੋਂ ਵੱਧ ਮਰੀਜ਼ਾਂ ਨੂੰ ਇਸਦਾ ਲਾਭ ਮਿਲ ਸਕੇ। ਉਨ੍ਹਾਂ ਜ਼ਲ੍ਹਿਾ ਵਾਸੀਆਂ ਨੂੰ ਪ੍ਰਸ਼ਾਸਨ ਵਲੋਂ ਜਾਰੀ ਹਦਾਇਤਾਂ ਅਤੇ ਸਿਹਤ ਪ੍ਰੋਟੋਕੋਲ ਦਾ ਗੰਭੀਰਤਾ ਨਾਲ ਪਾਲਣ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਸਾਵਧਾਨੀਆਂ ਅਪਣਾ ਕੇ ਹੀ ਕੋਵਿਡ ਦੇ ਖਿਲਾਫ ਇਸ ਜੰਗ ਵਿੱਚ ਫਤਿਹ ਪਾਈ ਜਾ ਸਕਦੀ ਹੈ।

# ਪ੍ਰਦੂਸ਼ਣ ਦੀ ਸਮੱਸਿਆ ਤੋਂ ਨਿਜਾਤ ਲਈ ਕੋਟਕਪੂਰਾ ਦੇ ਡੀਐਸਪੀ ਵੱਲੋਂ ਇੱਕ ਵੱਖਰੀ ਪਹਿਲਕਦਮੀ

**ਕੋਟਕਪੂਰਾ (ਰੋਹਿਤ ਆਜ਼ਾਦ)** ਦਿਨੋਂ-ਦਿਨ ਵੱਧ ਰਹੀ ਪ੍ਰਦੂਸ਼ਣ ਦੀ ਸਮੱਸਿਆ ਤੇ ਠੱਲ ਪਾਉਣ ਦੇ ਮਕਸਦ ਨਾਲ ਸ਼ਹਿਰ ਦੇ ਡੀਐਸਪੀ ਕੋਟਕਪੂਰਾ ਸਰਦਾਰ ਬਲਕਾਰ ਸਿੰਘ ਵੱਲੋਂ ਉਨਾਂ ਦੀ ਚੰਗੀ ਤੇ ਉਸਾਰੂ ਸੋਚ ਦੇ ਚੱਲਦਿਆਂ ਇੱਕ ਵੱਖਰੀ ਪਹਿਲਕਦਮੀ ਦੀ ਸ਼ੁਰੂਆਤ ਕੀਤੀ ਗਈ। ਇਸਦੇ ਚੱਲਦਆਂ ਉਨਾਂ ਆਖਿਆ ਕਿ ਜੋ ਵਿਅਕਤੀ ਆਪਣਾ ਅਸਲਾ ਲਾਇਸੰਸ ਦਾ ਨਵੀਨੀਕਰਨ ਕਰਵਾਉਂਦੇ ਹਨ, ਉਨਾਂ ਲੋਕਾਂ ਨੂੰ ਤਾਂ 5 ਪੌਦੇ ਅਤੇ ਜੋ ਵਿਅਕਤੀ ਆਪਣਾ ਅਸਲਾ ਲਾਇਸੰਸ ਨਵਾਂ ਬਣਵਾਉਂਦੇ ਹਨ ਉਨਾਂ ਨੂੰ 10 ਪੌਦੇ ਘੱਟੋ-ਘੱਟ ਲਗਾਉਣੇ ਚਾਹੀਦੇ ਹਨ ਤੇ ਉਨਾਂ ਦੀ ਕੇਅਰ ਕਰਕੇ ਤਸਵੀਰ ਫਾਈਲ 'ਚ ਨੱਥੀ ਕਰਨੀ ਹੋਵੇਗੀ ਜਿਸ ਨਾਲ ਕਿ ਉਨਾਂ ਦੇ ਲਾਇੰਸਸ ਨੂੰ ਅੱਗੇ ਮਾਨਤਾ ਮਿਲੇਗੀ। ਉਨਾਂ ਆਖਿਆ ਕਿ ਵੱਧ ਤੋਂ ਵੱਧ ਰੁੱਖ ਲਗਾਉਣ ਨਾਲ ਜਿੱਥੇ ਪ੍ਰਦੂਸ਼ਣ ਘਟੇਗਾ ਉੱਥੇ ਹੀ ਇੰਸਾਨੀ ਜਿੰਦਗੀ ਨੂੰ ਜੀਣ ਵਿੱਚ ਵੀ ਕਾਫੀ ਮਦਦ ਮਿਲੇਗੀ ਕਿਉਂਕਿ ਜੇਕਰ ਰੁੱਖ ਹੋਣਗੇ ਤਾਂ ਹੀ ਤਾਂ ਇੰਸਾਨ ਜਿੰਦਾ ਰਵੇਗਾ। ਉਨਾਂ ਆਖਿਆ ਕਿ ਰੁੱਖ ਵਗੈਰਾ ਕਾਰਬਨ ਡਾਈਓਕਸਾਈਡ ਪ੍ਰਾਪਤ ਕਰਕੇ ਸਾਨੂੰ ਆਕਸੀਜਨ ਪ੍ਰਦਾਨ ਕਰਦੇ ਹਨ ਜਿਸ ਨਾਲ ਕਿ ਅਸੀਂ ਜੀਵਤ ਰਹਿੰਦੇ ਹਾਂ। ਇਸਦੇ ਨਾਲ ਹੀ ਉਨਾਂ ਲੋਕਾਂ ਨੂੰ ਕਰੋਨਾ ਬੀਮਾਰੀ ਪ੍ਰਤੀ ਜਾਗਰੂਕ ਕਰਦਿਆਂ ਹੋਇਆਂ ਸਾਵਧਾਨੀਆਂ ਨੂੰ ਵਰਤਨ ਦੀ ਵੀ ਗੱਲ ਆਖੀ।

# ਕੋਰੀਅਰ 'ਚ 100 ਕਰੋੜ ਦੀ ਕੋਕੀਨ ਲੁਕਾ ਕੇ ਆਸਟ੍ਰੇਲੀਆ ਭੇਜ ਰਿਹਾ ਸਮੱਗਲਰ ਗ੍ਰਿਫਤਾਰ

**ਚੰਡੀਗੜ (ਦੀਪਕ ਸ਼ਰਮਾ)** ਕਰੋੜਾਂ ਰੁਪਏ ਦੀ ਕੋਕੀਨ ਆਸਟ੍ਰੇਲੀਆ ਭੇਜਣ ਆਏ ਸਮੱਗਲਰ ਨੂੰ ਕੋਰੀਅਰ ਕੰਪਨੀ ਦੇ ਕਰਮਚਾਰੀ ਦੀ ਚੌਕਸੀ ਕਾਰਨ ਪੁਲਸ ਨੇ ਗ੍ਰਿਫਤਾਰ ਕਰ ਲਿਆ। ਪੁਲਸ ਨੇ ਤਿੰਨ ਬਕਸਿਆਂ ਵਿਚੋਂ ਕੋਕੀਨ ਦੇ 14 ਪੈਕੇਟ (10 ਕਿਲੋ) ਬਰਾਮਦ ਕੀਤੇ ਹਨ। ਕੋਕੀਨ ਲੱਕੜ ਦੀ ਟ੍ਰੇਅ ਵਿਚ ਲੁਕਾਈ ਹੋਈ ਸੀ। ਸਮੱਗਲਰ ਦੀ ਪਛਾਣ ਚੇਨਈ ਨਿਵਾਸੀ ਅਸਫਾਕ ਰਹਿਮਾਨ ਵਜੋਂ ਹੋਈ ਹੈ। ਸੈਕਟਰ-31 ਥਾਣਾ ਪੁਲਸ ਨੇ ਹੈਰੋਇਨ ਜਬਤ ਕਰ ਕੇ ਸਮੱਗਲਰ ਖਲਿਾਫ ਮਾਮਲਾ ਦਰਜ ਕਰ ਲਿਆ ਹੈ । ਐੱਸ. ਐੱਸ. ਪੀ. ਨੇ ਦੱਸਿਆ ਕਿ ਇਕ ਨੌਜਵਾਨ ਇੰਡਸਟਰੀਅਲ ਏਰੀਆ ਫੇਜ-2 ਸਥਿਤ ਐਕਸਲ ਵਰਲਡ ਵਾਈਡ ਪ੍ਰਾਈਵੇਟ ਲਿਮਿਟਡ ਕੋਰੀਅਰ ਕੰਪਨੀ ਵਿਚ ਆਸਟ੍ਰੇਲੀਆ ਲਈ ਕੋਰੀਅਰ ਕਰਵਾਉਣ ਆਇਆ ਸੀ। ਕੰਪਨੀ ਦਾ ਕਰਮਚਾਰੀ ਨਵਨੀਤ ਤਿੰਨਾਂ ਬਕਸਿਆਂ ਵਿਚ ਰੱਖਿਆ ਸਾਮਾਨ ਚੈੱਕ ਕਰਨ ਲੱਗਾ ਤਾਂ ਬਕਸੇ ਵਿਚਲੀ ਲੱਕੜ ਦੀ ਟ੍ਰੇਅ ਵਿਚੋਂ ਚਿੱਟੇ ਰੰਗ ਦਾ ਪਾਊਡਰ ਨਿਕਲਣ ਲੱਗਾ। ਨਸ਼ੇ ਵਾਲਾ ਪਦਾਰਥ ਹੋਣ ਦੇ ਸ਼ੱਕ 'ਚ ਉਸਨੇ ਸਟਾਫ ਮੈਂਬਰਾਂ ਨੂੰ ਮਾਮਲੇ ਦੀ ਜਾਣਕਾਰੀ ਦਿੱਤੀ। ਸਟਾਫ ਮੈਂਬਰ ਅਸਫਾਕ ਨੂੰ ਕਾਬੂ ਕਰਨ ਲੱਗੇ ਤਾਂ ਉਹ ਭੱਜ ਗਿਆ । ਕੰਪਨੀ ਦੇ ਬਾਹਰ ਗਸ਼ਤ ਕਰ ਰਹੇ ਬੀਟ ਬਾਕਸ ਦੇ ਜਵਾਨ ਨੇ ਉਸਨੂੰ ਕਾਬੂ ਕਰ ਲਿਆ। ਬੀਟ ਬਾਕਸ ਸਟਾਫ ਦੀ ਸੂਚਨਾ 'ਤੇ ਐੱਸ. ਐੱਸ. ਪੀ. ਕੁਲਦੀਪ ਸਿੰਘ ਚਹਿਲ , ਏ. ਐੱਸ. ਪੀ. ਸਾਊਥ ਸ਼ਰੂਤੀ ਅਰੋੜਾ ਅਤੇ ਥਾਣਾ ਮੁਖੀ ਨਰਿੰਦਰ ਪਟਿਆਲ ਪੁੱਜੇ ।

ਐੱਸ. ਐੱਸ. ਪੀ. ਕੁਲਦੀਪ ਸਿੰਘ ਚਹਿਲ ਨੇ ਕੋਰੀਅਰ ਕੰਪਨੀ ਵਿਚ ਪਹੁੰਚ ਕੇ ਸਮੱਗਲਰ ਤੋਂ ਪੁੱਛਗਿਛ ਕੀਤੀ। ਐੱਸ. ਐੱਸ. ਪੀ. ਨੇ ਦੱਸਿਆ ਕਿ 10 ਕਿਲੋ



ਕੋਕੀਨ ਦੀ ਅੰਤਰਰਾਸ਼ਟਰੀ ਮਾਰਕੀਟ ਵਿਚ ਕੀਮਤ 100 ਕਰੋੜ ਰੁਪਏ ਹੈ। ਜਾਂਚ ਵਿਚ ਪਤਾ ਲੱਗਾ ਹੈ ਕਿ ਸਮੱਗਲਰ ਸੈਕਟਰ-26 ਸਥਿਤ ਸਤਿਸੰਗ ਭਵਨ ਵਿਚ ਠਹਿਰਿਆ ਹੋਇਆ ਸੀ । ਮੁਲਜਮ ਇਕ ਮਹੀਨਾ ਪਹਿਲਾਂ ਰੈਕੀ ਕਰਨ ਆਇਆ ਸੀ। ਪੁਲਸ ਅਧਿਕਾਰੀਆਂ ਨੇ ਬਕਸੇ ਚੈੱਕ ਕੀਤੇ ਤਾਂ ਉਨਾਂ ਵਿਚ 14 ਪੈਕੇਟ ਕੋਕੀਨ ਸੀ। ਉਸਨੇ ਦੱਸਿਆ ਕਿ ਉਹ ਕੋਕੀਨ ਚੇਨਈ ਤੋਂ ਲੈ ਕੇ ਆਇਆ ਸੀ। ਮੁਲਜਮ ਅਸਫਾਕ ਦਾ ਰਿਕਾਰਡ ਚੇਨਈ ਤੋਂ ਮੰਗਵਾਇਆ ਜਾ ਰਿਹਾ ਹੈ। ਪੁਲਸ ਵੱਲੋਂ ਮੁਲਜਮ ਦਾ ਰਿਮਾਂਡ ਹਾਸਲ ਕੀਤਾ ਜਾਏਗਾ, ਤਾਂਕਿ ਗਿਰੋਹ ਦੇ ਹੋਰ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਜਾ ਸਕੇ ।

# ਅਮਿਤਾਭ ਬੱਚਨ ਵੱਲੋਂ ਦਾਨ ਕੀਤੇ 2 ਕਰੋੜ ਦੇ ਮਾਮਲੇ 'ਚ ਪੀਰ ਮੁਹੰਮਦ ਵੱਲੋਂ ਸਿਰਸਾ ਦੀ ਸਖਤ ਆਲੋਚਨਾ

**ਮੋਹਾਲੀ/ਚੰਡੀਗੜ (ਦੀਪਕ ਸ਼ਰਮਾ)** ਸਿੱਖ ਸਟੂਡੈਂਟਸ ਫੈਡਰੇਸਨ ਦੇ ਸਰਪ੍ਰਸਤ ਕਰਨੈਲ ਸਿੰਘ ਪੀਰ ਮੁਹੰਮਦ ਅਤੇ ਪ੍ਰਧਾਨ ਜਗਰੂਪ ਸਿੰਘ ਚੀਮਾ ਨੇ ਸ. ਮਨਜਿੰਦਰ ਸਿੰਘ ਸਿਰਸਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਕੋਵਿਡ ਕੇਅਰ ਸਹੂਲਤ ਲਈ ਫਲਿਮ ਅਭਿਨੇਤਾ ਵੱਲੋਂ ਦਾਨ ਕੀਤੇ 2 ਕਰੋੜ ਰੁਪਏ ਮਨਜੂਰ ਕਰਨ 'ਤੇ ਆਪਣਾ ਸਖਤ ਵਿਰੋਧ ਜਤਾਇਆ ਹੈ। ਕਰਨੈਲ ਸਿੰਘ ਪੀਰ ਮੁਹੰਮਦ ਨੇ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ 1984 ਸਿੱਖ ਨਸਲਕੁਸੀ ਨੂੰ ਅੰਜਾਮ ਦੇਣ ਲਈ ਵੱਡੀ ਭੂਮਿਕਾ ਨਿਭਾਉਣ ਦਾ ਦੋਸ ਲਾਉਂਦਿਆਂ ਅਮਿਤਾਭ ਬੱਚਨ ਤੋਂ ਮਿਲੀ ਰਕਮ ਨੂੰ ਸਵੀਕਾਰ ਕਰਨ ਲਈ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੀ ਤਿੱਖੀ ਅਲੋਚਨਾ ਕੀਤੀ ਹੈ । ਪੀਰ ਮੁਹੰਮਦ ਨੇ ਸਿਰਸਾ 'ਤੇ ਪਾਪ ਕਰਨ ਦਾ ਦੋਸ ਵੀ ਲਗਾਇਆ ਅਤੇ ਉਨਾਂ ਕਿਹਾ ਕਿ ਸਿਰਸਾ ਨੇ ਅਮਿਤਾਭ ਬੱਚਨ ਤੋਂ 2 ਕਰੋੜ ਰੁਪਏ ਸਵੀਕਾਰ ਕਰਕੇ ਸਮੁੱਚੀ ਸਿੱਖ ਕੌਮ ਦੇ ਸਿਰ ਨੂੰ ਨੀਵਾਂ ਕੀਤਾ ਹੈ। ਪੀਰ ਮੁਹੰਮਦ ਨੇ ਅੱਜ ਮੀਡੀਆ ਨੂੰ ਜਾਰੀ ਪ੍ਰੈਸ ਬਿਆਨ ਵਿੱਚ ਕਿਹਾ ਕਿ ਸਿਰਸਾ ਨੇ ਆਪਣੇ ਅਕਸ ਨੂੰ ਖਰਾਬ ਕੀਤਾ ਹੈ, ਜਿਸ ਦੀ ਭਰਪਾਈ ਕਦੇ ਨਹੀਂ ਕੀਤੀ ਜਾ ਸਕਦੀ ਕਿਉਂਕਿ ਕੋਵਿਡ ਮਹਾਮਾਰੀ ਦੇ ਚੱਲਦਿਆਂ ਦਿੱਲੀ ਦੇ ਲੋਕਾਂ ਨੂੰ ਸਿੱਖ ਭਾਈਚਾਰੇ ਦੇ ਸਹਿਯੋਗ ਨਾਲ ਹਰ ਤਰਾਂ ਦੀ ਮਦਦ ਦੇਣ ਲਈ ਉਹ ਮੋਹਰੀ ਸਾਬਤ ਹੋਏ ਸਨ। ਸਿਰਸਾ ਨੇ 3 ਵਿਵਾਦਪੂਰਨ 'ਖੇਤੀ ਕਾਨੂੰਨਾਂ' ਖਲਿਾਫ ਪ੍ਰਦਰਸਨਕਾਰੀਆਂ ਦੀ ਮਦਦ ਕਰਨ ਵਿਚ ਵੀ ਇੱਕ ਪ੍ਰਸੰਸਾ ਯੋਗ ਭੂਮਿਕਾ ਨਿਭਾਈ ਸੀ ਪਰ ਸਿਰਸਾ ਨੇ ਆਪਣੀ ਸਖਸੀਅਤ ਨੂੰ ਖਰਾਬ ਕਰਨ ਤੋਂ ਇਲਾਵਾ ਸਿੱਖ ਕੌਮ ਦੀ ਭਾਵਨਾ ਨੂੰ ਵੀ ਠੇਸ ਪਹੁੰਚਾਈ ਹੈ। ਉਨਾਂ ਕਿਹਾ ਕਿ ਅਮਿਤਾਭ ਬੱਚਨ ਨੇ ਇਕ ਨਾਅਰਾ ਮਾਰਿਆ ਸੀ "ਖੂਨ ਦਾ ਬਦਲਾ ਖੂਨ" ਜੋ 1984 ਵਿੱਚ ਸਿੱਖਾਂ ਦੀ ਨਸਲਕੁਸੀ ਕਰਨ ਲਈ ਕਾਫੀ ਸੀ। ਪੀਰ ਮੁਹੰਮਦ ਨੇ ਸਿਰਸਾ ਨੂੰ ਸਵਾਲ ਕੀਤਾ ਕਿ ਕੀ ਉਹ ਸੱਜਣ ਕੁਮਾਰ, ਜਗਦੀਸ ਟਾਈਟਲਰ ਅਤੇ ਕਮਲ ਨਾਥ ਵਰਗੇ ਸਿੱਖ ਨਸਲਕੁਸੀ ਲਈ ਹੋਰ ਪਾਪੀਆਂ ਤੋਂ ਵੀ ਦਾਨ ਪ੍ਰਵਾਨ ਕਰ ਲੈਣਗੇ, ਜੇ ਉਹ ਅਜਿਹੇ ਮੁਲਜਮਾਂ ਤੋਂ ਦਾਨ ਸਵੀਕਾਰ ਕਰਨਾ ਪਸੰਦ ਨਹੀਂ ਕਰਦੇ ਤਾਂ ਸਿਰਸਾ ਨੇ ਅਮਿਤਾਭ ਬੱਚਨ ਤੋਂ 2 ਕਰੋੜ ਰੁਪਏ ਦਾਨ ਕਿਵੇਂ ਸਵੀਕਾਰਿਆ? ਉਨਾਂ ਨੇ ਮੀਡੀਆ ਵਿੱਚ ਵੀ ਇਸ ਦਾਨ ਨੂੰ ਪ੍ਰਦਰਸ਼ਿਤ ਕਰਨ ਲਈ ਸਿਰਸਾ ਦੀ ਆਲੋਚਨਾ ਕੀਤੀ। ਉਨਾਂ ਕਿਹਾ ਕਿ ਇੱਥੇ ਹਜਾਰਾਂ ਦਾਨੀ ਸੱਜਣ ਹਨ, ਜੋ ਹਰ ਰੋਜ ਗੁਰਦੁਆਰਿਆਂ ਰਾਹੀਂ ਮਾਨਵਤਾ ਦੀ ਸੇਵਾ ਲਈ ਕੁੱਝ ਨਾ ਕੁੱਝ ਦਾਨ ਕਰਦੇ ਹਨ ਪਰ ਸਿਰਸਾ ਨੇ ਆਪਣੇ ਕਿਸੇ ਵੀ ਬਿਆਨ ਵਿੱਚ ਉਨਾਂ ਦਾ ਨਾਮ ਕਦੇ ਨਹੀਂ ਲਿਆ। ਉਨਾਂ ਕਿਹਾ ਕਿ ਜਿਹੜੇ ਲੋਕ ਮੀਡੀਆ ਵਿਚ ਕੋਈ ਵੀ ਫੋਕੀ ਸ਼ੋਹਰਤ ਹਾਸਲ ਨਾ ਕਰਦੇ ਹੋਏ ਦਾਨ ਦੇਣਾ ਪਸੰਦ ਕਰਦੇ ਹਨ, ਉਹ ਲੋਕ ਬੱਚਨ ਨਾਲੋਂ ਗੁਣਾ ਮਹਾਨ ਵਿਅਕਤੀ ਹਨ, ਬੱਚਨ ਵਰਗੇ ਅਜਿਹੇ ਲੋਕ ਸਿਰਫ ਸੁਰਖੀਆਂ ਕਮਾਉਣ ਲਈ ਦਾਨ ਕਰਦੇ ਹਨ। ਉਨਾਂ ਅੱਗੇ ਕਿਹਾ ਕਿ ਅੱਜ ਕੌਮ ਵਿਚ ਅਜਿਹੇ ਲੋਕ ਵੀ ਹਨ, ਜੋ ਆਪਣੇ ਅਤੀਤ ਨੂੰ ਭੁੱਲ ਜਾਂਦੇ ਹਨ ਅਤੇ ਛੋਟੇ ਅਤੇ ਥੋੜੇ ਸਮੇਂ ਦੇ ਲਾਭ ਲਈ ਜਮੀਰ ਵੇਚ ਦਿੰਦੇ ਹਨ।



# ਮਰੀਜ ਹੁਣ ਸਿੱਧਾ ਮਿੰਨੀ ਕੇਅਰ ਸੈਂਟਰਾਂ 'ਚ ਹੋ ਸਕਦੇ ਹਨ ਭਰਤੀ, ਜਾਰੀ ਹੋਏ ਹੁਕਮ

**ਚੰਡੀਗੜ, (ਦੀਪਕ ਸ਼ਰਮਾ)** ਸ਼ਹਿਰ ਦੇ ਹਸਪਤਾਲਾਂ 'ਤੇ ਕੋਰੋਨਾ ਦੇ ਮਰੀਜ਼ਾਂ ਦਾ ਬੋਝ ਵਧਦਾ ਜਾ ਰਿਹਾ ਹੈ। ਇਸ ਲਈ ਵੀਰਵਾਰ ਪ੍ਰਸ਼ਾਸਕ ਦੇ ਸਲਾਹਕਾਰ ਮਨੋਜ ਪਰਿਦਾ ਨੇ ਹੁਕਮ ਜਾਰੀ ਕੀਤਾ ਕਿ ਕੋਵਿਡ ਮਰੀਜ਼ ਹੁਣ ਸਿੱਧੇ ਸ਼ਹਿਰ ਦੇ 9 ਮਿੰਨੀ ਕੋਵਿਡ ਕੇਅਰ ਸੈਂਟਰਾਂ ਵਿਚ ਜਾ ਕੇ ਭਰਤੀ ਹੋ ਸਕਦੇ ਹਨ। ਪਹਿਲਾਂ ਪ੍ਰਸ਼ਾਸਨ ਨੇ ਇਹ ਤੈਅ ਕੀਤਾ ਸੀ ਕਿ ਮਿੰਨੀ ਕੋਵਿਡ ਕੇਅਰ ਸੈਂਟਰ ਵਿਚ ਮਰੀਜ਼ਾਂ ਨੂੰ ਜੀ. ਐੱਮ. ਸੀ. ਐੱਚ.-32 ਅਤੇ ਜੀ. ਐੱਮ. ਐੱਸ. ਐੱਚ.-16 ਰੈਫਰ ਕੀਤਾ ਜਾਵੇਗਾ। ਜਾਰੀ ਹੁਕਮਾਂ ਵਿਚ ਕਿਹਾ ਗਿਆ ਕਿ ਜੀ. ਐੱਮ. ਸੀ. ਐੱਚ.-32 ਅਤੇ ਜੀ. ਐੱਮ. ਐੱਸ. ਐੱਚ.-16 ਵਿਚ ਸਾਰੇ ਕੋਵਿਡ ਬੈੱਡ ਭਰ ਗਏ ਹਨ। ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿਚ ਮਿੰਨੀ ਕੋਵਿਡ ਕੇਅਰ ਸੈਂਟਰ ਬਣਾਏ ਗਏ ਹਨ, ਜਿੱਥੇ ਪ੍ਰੋਫੈਸ਼ਨਲ ਡਾਕਟਰ ਅਤੇ ਨਰਸ ਸਟਾਫ਼ ਮੌਜੂਦ ਹੈ। ਇੱਥੇ ਆਕਸੀਜਨ ਦੀ ਸਹੂਲਤ, ਦਵਾਈਆਂ ਅਤੇ ਖਾਣ-ਪੀਣ ਆਦਿ ਦਾ ਪ੍ਰਬੰਧ ਵੀ ਹੈ। ਜੀ. ਐੱਮ. ਸੀ. ਐੱਚ.-32 ਅਤੇ ਜੀ. ਐੱਮ. ਐੱਸ. ਐੱਚ.-16 ਵੱਲੋਂ ਇੱਥੇ ਮਰੀਜ਼ ਭੇਜੇ ਜਾ ਰਹੇ ਹਨ ਪਰ ਜੇਕਰ ਜਰੂਰਤ ਪੈਂਦੀ ਹੈ ਤਾਂ ਮਰੀਜ਼ ਸਿੱਧੇ ਕੋਵਿਡ ਕੇਅਰ ਸੈਂਟਰ ਵਿਚ ਡਾਕਟਰਾਂ ਨਾਲ ਸੰਪਰਕ ਕਰ ਸਕਦੇ ਹਨ ਅਤੇ ਇਲਾਜ ਕਰਵਾ ਸਕਦੇ ਹਨ। ਪ੍ਰਸ਼ਾਸਨ ਨੇ ਕਿਹਾ ਹੈ ਕਿ ਇਨਾਂ ਸੈਂਟਰਾਂ ਵਿਚ ਪ੍ਰਸ਼ਾਸਨ ਦੇ ਡਾਕਟਰ ਵੀ ਸਮੇਂ-ਸਮੇਂ 'ਤੇ ਜਾ ਕੇ ਮਰੀਜ਼ਾਂ ਦੀ ਦੇਖਭਾਲ ਕਰਦੇ ਹਨ। ਇਸ ਲਈ ਸਾਰੇ ਕੋਵਿਡ ਸੈਂਟਰਾਂ ਦੇ ਨੰਬਰ ਜਾਰੀ ਕੀਤੇ ਗਏ ਹਨ। ਸਥਾਨ ਸੰਪਰਕ ਵਿਅਕਤੀ ਨੰਬਰ



ਬਾਲ ਭਵਨ-23 ਐੱਚ. ਐੱਸ. ਸਭਰਵਾਲ 9814300113
ਇੰਦਰਾ ਹਾਲੀਡੇ ਹੋਮ-24 ਬੀ ਅਰੁਣੇਸ਼ ਅਗਰਵਾਲ 9216814445
ਪੀ. ਜੀ. ਆਈ. ਇੰਫੋਸਿਸ ਸਰਾਏ ਐੱਚ. ਐੱਸ. ਸਭਰਵਾਲ 9814300113
ਡੀ. ਆਰ. ਡੀ. ਓ. ਹਸਪਤਾਲ ਪੀ. ਸੀ. ਭਾਟੀਆ 0172 - 3957100 0172 - 2651824/25
ਅਰਬਿੰਦੋ ਸਕੂਲ-27 ਸਰਤਾਜ ਲਾਂਬਾ 8725005444
ਜੀ. ਜੀ. ਐੱਸ ਐੱਸ. ਐੱਸ-8 ਅਮਰ ਵਿਵੇਕ ਅਗਰਵਾਲ 9814027754
ਸਪੋਟਰਸ ਕੰਪਲੈਕਸ-43 ਅਮਰਦੀਪ ਸਿੰਘ 9867166555
ਸੈਕਟਰ-47 ਸਥਿਤ ਕਮਿਉਨਿਟੀ ਸੈਂਟਰ ਤਨੂ ਮੇਹਤਾਨੀ 9888729484
ਸਪੋਰਟਸ ਕੰਪਲੈਕਸ-34 ਦੀਪਕ ਚੌਧਰੀ 9888470225


# ਗੁਰਮੇਲ ਮੂਰਤੀਕਾਰ ਨਮਿੱਤ ਅੰਤਿਮ ਅਰਦਾਸ ਅਤੇ ਸ਼ਰਧਾਂਜ਼ਲੀ

**ਕੋਟਕਪੂਰਾ।** ਪਿਛਲੇ ਕਈ ਦਹਾਕਿਆਂ ਤੋਂ ਸੁੰਦਰ ਮੂਰਤੀਆਂ ਬਣਾ ਕੇ ਆਪਣੀ ਕਲਾਕਾਰੀ ਦਾ ਲੋਹਾ ਮਨਵਾਉਣ ਵਾਲੇ ਕੋਟਕਪੂਰੇ ਦੇ ਵਸਨੀਕ ਗੁਰਮੇਲ ਸਿੰਘ ਮੂਰਤੀਕਾਰ ਦੀ ਅੰਤਿਮ ਅਰਦਾਸ ਮੌਕੇ ਉਨਾਂ ਦੇ ਗ੍ਰਹਿ ਵਿਖੇ ਐੱਨਆਰਆਈ ਕਰਤਾਰ ਸਿੰਘ ਬਰਹਾਇਆ (ਯੂ.ਕੇ.) ਵੱਲੋਂ ਭੇਜੀ 10,000/- ਰੁਪਏ ਦੀ ਰਾਸ਼ੀ ਉਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਸੌਂਪਦਿਆਂ ਗੁਰਦੀਪ ਸਿੰਘ ਮੈਨੇਜਰ, ਗੁਰਿੰਦਰ ਸਿੰਘ ਮਹਿੰਦੀਰੱਤਾ ਅਤੇ ਰਜਿੰਦਰ ਸਿੰਘ ਸਰਾਂ ਸਮੇਤ ਲਾਇਨਜ ਕਲੱਬ ਕੋਟਕਪੂਰਾ ਵਿਸ਼ਵਾਸ਼ ਦੇ ਹੋਰ ਅਹੁਦੇਦਾਰਾਂ ਨੇ ਆਖਿਆ ਕਿ ਭਾਵੇਂ ਗੁਰਮੇਲ ਸਿੰਘ ਜੀ ਇਸ ਦੁਨੀਆਂ ਨੂੰ ਹਮੇਸ਼ਾਂ ਲਈ ਛੱਡ ਗਏ ਹਨ। ਪਰ ਉਹਨਾਂ ਦੀ ਯਾਦ ਕਲਾਕ੍ਰਿਤੀਆਂ ਰਾਹੀਂ ਸਾਡੇ ਮਨਾਂ 'ਚ ਹਮੇਸ਼ਾਂ ਤਾਜਾ ਰਹੇਗੀ। ਉਨਾਂ ਦੀ ਪਤਨੀ ਅਮਰਜੀਤ ਕੌਰ, ਬੇਟੀ ਕਰਮਜੀਤ ਕੌਰ ਅਤੇ ਫਿਲਮੀ ਅਦਾਕਾਰ ਗੁਰਮੀਤ ਸਾਜਨ ਨੇ ਦੱਸਿਆ ਕਿ ਸਤਿਕਾਰਯੋਗ ਗੁਰਮੇਲ ਸਿੰਘ ਦੀਆਂ ਬਣਾਈਆਂ ਮੂਰਤੀਆਂ ਪੰਜਾਬ ਦੇ ਹਰੇਕ ਰਾਮਬਾਗ ਅਤੇ ਚੌਂਕਾਂ ਵਿੱਚ ਵੇਖੀਆਂ ਜਾ ਸਕਦੀਆਂ ਹਨ। ਉਨਾਂ ਆਖਿਆ ਕਿ ਜੇਕਰ ਜਿਲਾ ਪ੍ਰਸ਼ਾਸ਼ਨ ਜਾਂ ਸਰਕਾਰ ਕੋਈ ਜਗਾ ਮੁਹੱਈਆ ਕਰਵਾਵੇ ਤਾਂ ਸਵ: ਗੁਰਮੇਲ ਸਿੰਘ ਦੀਆਂ ਕਲਾਕ੍ਰਿਤੀਆਂ ਦਾ ਇਕ ਮਿਉਜੀਅਮ ਤਿਆਰ ਕੀਤਾ ਜਾ ਸਕਦਾ ਹੈ। ਤਾਂ ਕਿ ਉਨਾ ਦੇ ਵਿਛੋੜੇ ਦੇ ਬਾਵਜੂਦ ਵੀ ਯਾਦ ਤਾਜਾ ਬਣੀ ਰਹੇ। ਉਨਾਂ ਸਵ: ਗੁਰਮੇਲ ਸਿੰਘ ਦੇ ਇਲਾਜ ਮੌਕੇ ਮੱਦਦ ਕਰਨ ਵਾਲੀਆਂ ਦਾਨੀ




ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ। ਗੁਰਮੇਲ ਸਿੰਘ ਮੂਰਤੀਕਾਰ ਨਮਿੱਤ ਸੁਖਮਨੀ ਸਾਹਿਬ ਦੇ ਪਾਠ, ਅਰਦਾਸ-ਬੇਨਤੀ ਕਰਨ ਉਪਰੰਤ ਪਵਿੱਤਰ ਹੁਕਮਨਾਮਾ ਲਿਆ ਗਿਆ। ਕੋਵਿਡ-19 ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਪਰਿਵਾਰ ਨੇ ਬਹੁਤਾ ਇਕੱਠ ਕਰਨ ਤੋਂ ਸੰਕੋਚ ਕੀਤਾ।

# ਪੰਜਾਬ 'ਚ 'ਕੋਵਿਡ ਕਿੱਟ ਸਪਲਾਈ' 'ਚ ਵੱਡਾ ਖੁਲਾਸਾ, ਬਿਨਾਂ ਡਰੱਗ ਲਾਈਸੈਂਸ ਵਾਲੀ ਕੰਪਨੀ ਨੂੰ ਮਿਲੇ ਕਰੋੜਾਂ ਦੇ ਟੈਂਡਰ



**ਚੰਡੀਗੜ (ਦੀਪਕ ਸ਼ਰਮਾ)** ਪੰਜਾਬ 'ਚ ਕੋਵਿਡ ਕਿੱਟਾਂ ਦੀ ਸਪਲਾਈ 'ਚ ਨਿਯਮਾਂ ਦੀ ਵੱਡੀ ਉਲੰਘਣਾ ਦਾ ਮਾਮਲਾ ਸਾਹਮਣੇ ਆਇਆ ਹੈ। ਨਿਯਮਾਂ ਨੂੰ ਤਾਕ 'ਤੇ ਰੱਖ ਕੇ ਟੈਂਡਰ ਜਾਰੀ ਕਰਕੇ ਸਿਹਤ ਵਿਭਾਗ ਨੇ ਕੁੱਝ ਚਹੇਤਿਆਂ ਨੂੰ ਕਰੋੜਾਂ ਦਾ ਫਾਇਦਾ ਪਹੁੰਚਾਇਆ ਹੈ। ਇਸ ਗੱਲ ਦੇ 'ਜਗਬਾਣੀ' ਕੋਲ ਪੁਖਤਾ ਸਬੂਤ ਹਨ। ਸਿਹਤ ਵਿਭਾਗ ਨੇ ਇਕ ਟੈਂਡਰ ਕੱਢਿਆ, ਜਿਸ 'ਚ 50,000 ਕੋਵਿਡ ਕੇਅਰ ਕਿੱਟਾਂ ਦੀ ਸਪਲਾਈ ਲਈ ਅਰਜੀਆਂ ਮੰਗੀਆਂ ਗਈਆਂ ਸਨ। ਇਨਾਂ 'ਚ ਇਕ ਕੰਪਨੀ ਨੇ 1095, ਦੂਜੀ ਨੇ 1260 ਅਤੇ 2 ਕੰਪਨੀਆਂ ਨੇ 1270 ਰੁਪਏ ਪ੍ਰਤੀ ਕਿੱਟ ਦੀ ਮੰਗ ਰੱਖੀ। ਭਾਰਤ ਸਰਕਾਰ ਦੇ ਤੈਅ ਨਿਯਮਾਂ ਮੁਤਾਬਕ ਟੈਂਡਰ ਦੀ ਪਹਿਲਾਂ ਟੈਕਨੀਕਲ ਬਿੱਡ ਖੁੱਲਦੀ ਹੈ ਤਾਂ ਜੋ ਸਮਾਨ ਦੀ ਕੁਆਲਿਟੀ ਦੀ ਪਰਖ ਕੀਤੀ ਜਾ ਸਕੇ। ਉਸ 'ਚ ਖਰਾ ਉਤਰਨ ਵਾਲੀਆਂ ਕੰਪਨੀਆਂ ਦੀ ਫਾਈਨਾਂਸ਼ੀਅਲ ਬਿੱਡ ਖੋਲੀ ਜਾਂਦੀ ਹੈ ਪਰ ਇਸ ਮਾਮਲੇ 'ਚ 19 ਅਪ੍ਰੈਲ ਨੂੰ ਪਹਿਲਾਂ ਖੁੱਲੀ ਫਾਈਨਾਂਸ਼ੀਅਲ ਬਿੱਡ 'ਚ 1095 ਰੁਪਏ (ਜੀ. ਐਸ. ਟੀ. ਸਮੇਤ 1226. 40) ਪ੍ਰਤੀ ਕਿੱਟ ਦੇਣ ਨੂੰ ਤਿਆਰ ਕੰਪਨੀ ਨੂੰ ਕਿੱਟ ਸਪਲਾਈ ਦਾ ਕੰਮ ਸੌਂਪ ਦਿੱਤਾ ਗਿਆ। ਖਾਸ ਗੱਲ ਇਹ ਹੈ ਕਿ ਲੁਧਿਆਣਾ ਦੀ ਜਿਸ ਕੰਪਨੀ ਨੂੰ ਕੰਮ ਸੌਂਪਿਆ ਗਿਆ, ਉਸ ਕੋਲ ਡਰੱਗ ਲਾਈਸੈਂਸ ਤੱਕ ਨਹੀਂ ਹੈ। ਇਸ ਤੋਂ ਬਾਅਦ ਇਕ ਲੱਖ ਕੋਵਿਡ ਕੇਅਰ ਕਿੱਟਾਂ ਲਈ ਫਿਰ ਤੋਂ ਵਿਭਾਗ ਨੇ ਟੈਂਡਰ ਮੰਗਿਆ, ਜੋ 29 ਅਪ੍ਰੈਲ ਨੂੰ ਖੁੱਲਿਆ। ਇਸ 'ਚ 4 ਕੰਪਨੀਆਂ ਨੇ ਜੀ. ਐਸ. ਟੀ. ਸਮੇਤ 1926.40 ਰੁਪਏ ਪ੍ਰਤੀ ਕਿੱਟ ਸਪਲਾਈ ਦੇਣ ਦੀ ਗੱਲ ਕਹੀ। ਖਾਸ ਗੱਲ ਇਹ ਹੈ ਕਿ 1926.40 ਰੁਪਏ ਦੀ ਮੰਗ ਕਰਨ ਵਾਲੀ ਲੁਧਿਆਣਾ ਦੀ ਉਹ ਕੰਪਨੀ ਸੀ, ਜੋ ਸਿਰਫ 10 ਦਿਨ ਪਹਿਲਾਂ ਹੀ 1226.40 ਰੁਪਏ ਪ੍ਰਤੀ ਕਿੱਟ ਦੇਣ 'ਤੇ ਸਹਿਮਤ ਹੋ ਕੇ ਟੈਂਡਰ ਹਾਸਲ ਕਰ ਚੁੱਕੀ ਸੀ। ਵਿਭਾਗ ਨੇ ਇਹ ਦੋਸ਼ ਲਗਾ ਕੇ ਟੈਂਡਰ ਰੱਦ ਕਰ ਦਿੱਤਾ ਕਿ ਕੰਪਨੀਆਂ ਮਿਲੀ-ਭੁਗਤ ਨਾਲ ਕੰਮ ਕਰ ਰਹੀਆਂ ਹਨ ਪਰ ਬਾਅਦ 'ਚ ਉਸੇ ਕੰਪਨੀ ਨੂੰ 1,50,000 ਕਿੱਟਾਂ ਦਾ ਆਰਡਰ ਦੇ ਦਿੱਤਾ ਗਿਆ, ਜਿਸ ਨੂੰ ਪਹਿਲਾਂ ਵੀ 50,000 ਕਿੱਟਾਂ ਦਾ ਆਰਡਰ ਮਿਲ ਚੁੱਕਾ ਸੀ। ਇਸ ਕੰਪਨੀ ਨੂੰ ਵਿਭਾਗ ਵੱਲੋਂ ਭੇਜੀ ਗਈ ਈ-ਮੇਲ 'ਚ ਵੀ ਸਪੱਸ਼ਟ ਹੈ ਕਿ ਟੈਂਡਰ ਰੱਦ ਹੋਣ ਤੋਂ ਬਾਅਦ 4 ਮਈ ਨੂੰ ਨਵੇਂ ਰੇਟ ਸਰਕਾਰ ਨੂੰ ਆਫਰ ਕੀਤੇ ਗਏ ਸਨ।

# ਪਿੰਡ ਔਲਖ ਦੇ ਵਸਨੀਕਾਂ ਨੂੰ ਪਾਣੀ ਨਿਕਾਸੀ ਦੀ ਸਮੱਸਿਆ ਦਾ ਹੋਇਆ ਹੱਲ : ਸਰਪੰਚ

**ਕੋਟਕਪੂਰਾ।** ਨੇੜਲੇ ਪਿੰਡ ਔਲਖ ਦੇ ਵਸਨੀਕਾਂ ਨੂੰ ਪਾਣੀ ਨਿਕਾਸੀ ਦੀ ਆਉਂਦੀ ਸਮੱਸਿਆ ਹੱਲ ਹੋ ਗਈ ਹੈ। ਪਿੰਡ ਦੀ ਪੰਚਾਇਤ ਪਿਛਲੇ ਲੰਮੇ ਸਮੇਂ ਤੋਂ ਉਕਤ ਸਮੱਸਿਆ ਨੂੰ ਹੱਲ ਕਰਨ ਲਈ ਯਤਨਸ਼ੀਲ ਸੀ ਪਰ ਪਾਣੀ ਨਿਕਾਸੀ ਵਾਲੇ ਨਾਲੇ ਤੱਕ ਕਰੀਬ 5 ਕਿਲੋਮੀਟਰ ਪਾਈਪਾਂ ਪਾਉਣ ਦੇ ਕੰਮ ਵਿੱਚ ਅਕਸਰ ਕੋਈ ਨਾ ਕੋਈ ਅੜਿੱਕਾ ਪੈ ਜਾਣ ਕਰਕੇ ਉਕਤ ਕੰਮ ਕਾਫੀ ਸਮਾਂ ਲਟਕਦਾ ਰਿਹਾ। ਅੱਜ ਸਾਰਾ ਕੰਮ ਮੁਕੰਮਲ ਹੋਣ 'ਤੇ ਪਿੰਡ ਦੇ ਸਰਪੰਚ ਊਧਮ ਸਿੰਘ ਔਲਖ ਅਤੇ ਮੈਂਬਰ ਪੰਚਾਇਤ ਜਸਵੰਤ ਸਿੰਘ ਨਿੱਕਾ ਨੇ ਦੱਸਿਆ ਕਿ ਬਾਰਿਸ਼ਾਂ ਵਾਲੇ ਮੌਸਮ ਵਿੱਚ ਜਾਂ ਹਰ ਸਮੇਂ ਘਰਾਂ ਦੇ ਪਾਣੀ ਨਿਕਾਸੀ ਦੀ ਸਮੱਸਿਆ ਤੋਂ ਪਿੰਡ ਵਾਸੀ ਬੜੇ ਦੁਖੀ ਅਤੇ ਪ੍ਰੇਸ਼ਾਨ ਸਨ। ਉਨਾਂ ਦੱਸਿਆ ਕਿ ਇਲਾਕੇ ਦੇ ਲੀਡਰਾਂ ਅਤੇ ਅਫਸਰਾਂ ਦੇ ਸਹਿਯੋਗ ਨਾਲ ਪਿੰਡ ਦੀ ਪੰਚਾਇਤ, ਕਲੱਬਾਂ ਅਤੇ ਹੋਰ ਉਸਾਰੂ ਸੋਚ ਰੱਖਣ ਵਾਲੇ ਵਿਅਕਤੀਆਂ ਦਾ ਉਕਤ ਕਾਰਜ ਨੇਪਰੇ ਚਾੜਨ ਵਿੱਚ ਬਹੁਤ ਸਹਿਯੋਗ ਰਿਹਾ। ਉਨਾਂ ਭਲੂਰ ਪਿੰਡ ਦੇ ਵਸਨੀਕਾਂ ਦਾ ਧੰਨਵਾਦ ਕਰਦਿਆਂ ਖੁਦ ਮੰਨਿਆ ਕਿ ਕੁਝ ਸ਼ਰਾਰਤੀ ਅਨਸਰਾਂ ਕਰਕੇ ਹੀ ਉਕਤ ਕਾਰਜ ਲਟਕਦਾ ਰਿਹਾ। ਉਨਾਂ ਦੱਸਿਆ ਕਿ ਉਕਤ ਵਿਕਾਸ ਕਾਰਜਾਂ 'ਤੇ ਕਰੀਬ 22-23 ਲੱਖ ਰੁਪਿਆ ਖਰਚ ਆਇਆ, ਜਿਸ ਬਦਲੇ ਪਿੰਡ ਵਾਸੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ



ਕਾਂਗਰਸ ਸਰਕਾਰ ਸਮੇਤ ਸਮੁੱਚੀ ਪਾਰਟੀ ਹਾਈਕਮਾਂਡ ਦੇ ਧੰਨਵਾਦੀ ਹਨ। ਉਨਾ ਦੱਸਿਆ ਕਿ ਸਾਰੇ ਪਿੰਡ ਵਿੱਚ ਇੰਟਰਲਾਕ ਟਾਈਲਾਂ ਲੱਗਣ ਨਾਲ ਪਿੰਡ ਵਾਸੀਆਂ ਨੂੰ ਆਪੋ-ਆਪਣੀਆਂ ਗਲੀਆਂ ਵਿੱਚ ਹੁੰਦੇ ਚਿੱਕੜ ਵਾਲੀ ਸਮੱਸਿਆ ਤੋਂ ਵੀ ਨਿਜ਼ਾਤ ਮਿਲ ਗਈ ਹੈ।

# ਮੱਕੜ ਪਰਿਵਾਰ ਨੇ ਬੱਚੀ ਦਾ ਜਨਮ ਦਿਨ ਜਰੂਰਤ ਮੰਦ ਹੁਸ਼ਿਆਰ ਵਿਦਿਆਰਥੀਆਂ ਨੂੰ ਕਿਤਾਬਾ ਦੇ ਕੇ ਮਨਾਇਆ



**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਸ ਸਰਬਜੀਤ ਸਿੰਘ ਮੱਕੜ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਆਪਣੀ ਬੱਚੀ ਦਾ ਜਨਮਦਿਨ ਨਿਵੇਕਲੇ ਅੰਦਾਜ਼ ਵਿੱਚ ਵਿਦਿਆ ਦਾਨ ਮਹਾਦਾਨ ਦੀ ਸੋਚ ਨਾਲ ਮਨਾਇਆ ਗਿਆ ।ਆਪਣੀ ਲਾਡਲੀ ਪੋਤਰੀ ਤਵਲੀਨ ਮੱਕੜ ਦੇ ਜਨਮਦਿਨ ਦੀ ਖੁਸ਼ੀ ਵਿੱਚ ਅੱਜ ਸ ਸਰਬਜੀਤ ਸਿੰਘ ਮੱਕੜ ਵੱਲੋਂ 10+2 ਦੇ ਹੋਸ਼ਿਆਰ ਬੱਚੇ ਬੱਚੀਆਂ ਨੂੰ ਉਨ੍ਹਾਂ ਦੀ ਸ਼੍ਰੇਣੀ ਦੀ ਜਰੂਰਤ ਦੀਆਂ ਕਿਤਾਬਾਂ ਨਾਲ ਸਨਮਾਨਿਤ ਕੀਤਾ ਗਿਆ । ਇਸ ਮੌਕੇ ਸ ਸਰਬਜੀਤ ਸਿੰਘ ਮੱਕੜ, ਜੈਸਮੀਨ ਮੱਕੜ,ਤਵਲੀਨ ਮੱਕੜ ਅਤੇ ਸਮਾਜਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਤੋਂ ਮਾਸਟਰ ਅਮਰੀਕ ਸਿੰਘ ਹਾਜ਼ਰ ਸਨ। ਮਾਸਟਰ ਅਮਰੀਕ ਸਿੰਘ ਵੱਲੋਂ ਇਸ ਉਪਰਾਲੇ ਲਈ ਮੱਕੜ ਪਰਿਵਾਰ ਦਾ ਧੰਨਵਾਦ ਕੀਤਾ ਗਿਆ ਅਤੇ ਸੰਸਥਾ ਵੱਲੋਂ ਬੇਟੀ ਤਵਲੀਨ ਮੱਕੜ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਤਵਲੀਨ ਮੱਕੜ ਦੇ ਜਨਮਦਿਨ ਦੀਆਂ ਵਧਾਈਆਂ ਦਿੱਤੀਆਂ।

# 18 ਤੋਂ 44 ਸਾਲ ਉਮਰ ਵਰਗ ਦੇ ਕੋਮੋਰਬਿਡ ਕੰਡੀਸ਼ਨ ਵਾਲੇ ਵਿਅਕਤੀਆਂ ਦਾ ਟੀਕਾਕਰਣ ਸ਼ੁਰੂ

**ਕਪੂਰਥਲਾ।** ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ 18 ਤੋਂ 44 ਸਾਲ ਉਮਰ ਵਰਗ ਦੇ ਕੋਮੋਰਬਿਡ ਕੰਡੀਸ਼ਨ ਵਾਲੇ ਵਿਅਕਤੀਆਂ ਦਾ ਕੋਵਿਡ ਟੀਕਾਕਰਣ ਅੱਜ ਤੋਂ ਸ਼ੁਰੂ ਹੋ ਗਿਆ ਹੈ। ਕਪੂਰਥਲਾ ਜਿਲੇ ਵਿਚ ਇਹ ਵੈਕਸ਼ੀਨੇਸ਼ਨ 7 ਥਾਵਾਂ ਉਪਰ ਸ਼ੁਰੂ ਕੀਤੀ ਗਈ ਹੈ ।

ਡਿਪਟੀ ਕਮਿਸ਼ਨਰ ਕਪੂਰਥਲਾ ਸ੍ਰੀ ਮਤੀ ਦੀਪਤੀ ਉੱਪਲ ਨੇ ਦੱਸਿਆ ਕਿ 18 ਤੋਂ 44 ਸਾਲ ਉਮਰ ਵਰਗ ਦੇ ਪਹਿਲੇ ਪੜਾਅ ਵਿਚ ਲੇਬਰ ਵਰਗ ਲਈ ਟੀਕਾਕਰਣ ਮੁਹਿੰਮ ਸ਼ੁਰੂ ਕੀਤੀ ਗਈ ਸੀ ਜਦਕਿ ਹੁਣ ਇਸੇ ਲੜੀ ਵਿਚ ਵਿਸਥਾਰ ਕਰਦਿਆਂ 18 ਤੋਂ 44 ਸਾਲ ਉਮਰ ਵਰਗ ਦੇ ਅਜਿਹੇ ਲੋਕਾਂ ਦਾ ਟੀਕਾਕਰਣ ਕੀਤਾ ਜਾ ਰਿਹਾ ਹੈ ਜੋ ਪਹਿਲਾਂ ਤੋਂ ਹੀ ਕਿਸੇ ਬੀਮਾਰੀ ਨਾਲ ਪੀੜਤ ਹਨ।

ਉਨ੍ਹਾਂ ਦੱਸਿਆ ਕਿ ਲਿਸਟ ਦੇ ਅਨੁਸਾਰ ਜੇਕਰ 18 ਤੋਂ 44 ਸਾਲ ਦਾ ਕੋਈ ਵਿਅਕਤੀ ਦਿਲ ਦੀ ਬੀਮਾਰੀ ਜਿਵੇਂ ਕਿ ਕਾਰਡਿਅਕ ਟ੍ਰਾਂਸਪਲਾਂਟ, ਹਾਰਟ ਫੇਲੀਅਰ ਦੇ ਕੇਸ ਵਿਚ ਪਿਛਲੇ ਇੱਕ ਸਾਲ ਦੌਰਾਨ ਹਸਪਤਾਲ ਵਿਚ ਦਾਖਲ ਰਹਿ ਚੁੱਕਾ ਹੋਏ, ਸ਼ੂਗਰ, ਜਮਾਂਦਰੂ ਹਿਰਦੇ ਰੋਗ, ਹਾਈਪਰਟੈਂਸ਼ਨ, ਕੈਂਸਰ, ਐਚ.ਆਈ.ਵੀ. ਸੰਕ੍ਰਮਣ ਨਾਲ ਪੀੜਤ,ਕਿਡਨੀ, ਸਿਰਓਸਿਸ, ਲੀਵਰ ਦੀ ਬੀਮਾਰੀ ਨਾਲ ਗ੍ਰਸਤ ਜਾਂ ਟ੍ਰਾਂਸਪਲਾਟ ਹੋਇਆ ਹੋਵੇ,ਗੰਭੀਰ ਸਾਹ ਦਾ ਰੋਗੀ, ਦਿਵਿਯਾਂਗ ਰੋਗੀ, ਮੋਟਾ-ਪਾ, ਐਸਿਡ ਅਟੈਕ ਪੀੜਤ ਜਿਹੜਾ ਕਿ ਰੈਸਪੀਰੇਟਰੀ ਸਿਸਟਮ ਨਾਲ ਸੰਬੰਧਤ ਹੈ, ਐਂਜਾਈਨਾ, ਸਿਕਲ ਸੈੱਲ ਡਿਜੀਜ ਜਾਂ ਬੋਨ ਮੈਰੋ ਟ੍ਰਾਂਸਪਲਾਂਟ ਵਾਲਾ ਰੋਗੀ ਆਦਿ ਨੇ ਟੀਕਾਕਰਣ ਕਰਵਾਉਣਾ ਹੈ ਤਾਂ ਉਕਤ ਕੇਸ ਵਿਚ ਟੀਕਾਕਰਣ ਕਰਵਾਉਣ ਲਈ 18 ਤੋਂ 44 ਸਾਲ ਦੇ ਕੋਮੋਰਬਿਡ ਕੰਡੀਸ਼ਨ ਵਾਲੇ ਵਿਅਕਤੀ ਨੂੰ ਆਪਣੀ ਬੀਮਾਰੀ ਨਾਲ ਸੰਬੰਧਤ ਡਾਕਟਰ ਦੀ ਪ੍ਰੀਸਕ੍ਰਿਪਸ਼ਨ ਲੈ ਕੇ ਆਉਣਾ ਜਰੂਰੀ ਹੈ। ਸਿਵਲ ਸਰਜਨ ਕਪੂਰਥਲਾ ਡਾ ਪਰਮਿੰਦਰ ਕੌਰ ਤੇ ਜਿਲਾ ਟੀਕਾਕਰਣ ਅਫਸਰ ਡਾ. ਰਣਦੀਪ ਸਿੰਘ ਨੇ ਦੱਸਿਆ ਕਿ ਇਹ ਟੀਕਾਕਰਣ ਸਿਵਲ ਹਸਪਤਾਲ ਕਪੂਰਥਲਾ, ਸਬ ਡਵੀਜਨਲ ਹਸਪਤਾਲ ਫਗਵਾੜਾ, ਸਬ ਡਵੀਜਨਲ ਹਸਪਤਾਲ ਸੁਲਤਾਨਪੁਰ, ਸਬ ਡਵੀਜਨਲ ਹਸਪਤਾਲ ਭੁਲੱਥ,ਈ.ਐਸ.ਆਈ.ਹਸਪਤਾਲ ਫਗਵਾੜਾ, ਰਾਧਾ ਸੁਆਮੀ ਸਤਿਸੰਗ ਡੇਰਾ ਮਾਰਕਫੈੱਡ ਚੌਂਕ ਕਪੂਰਥਲਾ ਤੇ ਰਾਧਾ ਸੁਆਮੀ ਸਤਿਸੰਗ ਡੇਰਾ ਬਾਈਪਾਸ ਫਗਵਾੜਾ ਵਿਖੇ ਹੋ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਇਸ ਟੀਕਾਕਰਣ ਮੁਹਿੰਮ ਦਾ ਲਾਭ ਲੈਣ ਦੀ ਅਪੀਲ ਕੀਤੀ ਹੈ।




# ਜਨਮ ਦਿਨ ਮੁਬਾਰਕ



ਨਾਮ:ਹਾਰਦਿਕ ਸ਼ਰਮਾਂ
ਪਿਤਾ:ਰਾਜ ਕੁਮਾਰ ਸ਼ਰਮਾਂ
ਮਾਤਾ:ਸੰਤੋਸ਼ ਸ਼ਰਮਾਂ
ਵਾਸੀ: ਅੰਮ੍ਰਿਤਸਰੀ ਗੇਟ ਫਿਰੋਜ਼ਪੁਰ ਸ਼ਹਿਰ


# ਪੁਲਿਸ ਅਫਸਰਾਂ ਨੇ ਮੁਸਲਿਮ ਭਾਈਚਾਰੇ ਨੂੰ ਦਿੱਤੀ ਈਦ ਦੀ ਵਧਾਈ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਅੱਜ ਈਦ ਦੇ ਮੌਕੇ ਡੀਐਸਪੀ ਸੁੱਖਪਾਲ ਸਿੰਘ ਰੰਧਾਵਾ ਅਤੇ ਥਾਣਾ ਮੁਖੀ ਇੰਸਪੈਕਟਰ ਰਾਜੀਵ ਕੁਮਾਰ ਨੇ ਪੁਲਿਸ ਮੁਲਾਜ਼ਮਾਂ ਨਾਲ ਕਰਤਾਰਪੁਰ ਦੀ ਮਸਜਿਦ ਵਿੱਚ ਜਾ ਕੇ ਮੁਸਲਿਮ ਭਾਈਚਾਰੇ ਨੂੰ ਮਿਠਾਈ ਖਿਲਾ ਕੇ ਈਦ ਦੀ ਵਧਾਈ ਦਿੱਤੀ।ਇਸ ਮੌਕੇ ਅਖਤਰ ਸਲਮਾਨੀ ਜਨਰਲ ਸੱਕਤਰ ਪੰਜਾਬ ਕਾਂਗਰਸ ਕਮੇਟੀ ਘੱਟ ਗਿਣਤੀ ਵਿਭਾਗ, ਮਸਜਿਦ ਪ੍ਰਾਪਤ ਆਲਮ ਮਲਿਕ, ਇਮਾਮ ਸ਼ਕੀਲ ਆਹਿਮਦ,ਇਮਾਮ ਮੁਨੱਵਰ,ਅਬਦੁਲ ਰਹਿਮਾਨ, ਅਬਦੁਲ ਸਮਦ,ਅਬਦੁਲ ਰਾਊਫ,ਰਸ਼ੀਦ ਅਹਿਮਦ, ਆਦਿ ਬਹੁਤ ਸਾਰੇ ਮੁਸਲਿਮ ਭਾਈਚਾਰੇ ਦੇ ਪਤਵੰਤੇ ਸੱਜਣ ਹਾਜਰ ਸਨ।ਇਸੇ ਤਰ੍ਹਾਂ ਕਰਤਾਰਪੁਰ ਦੀ ਮੁੱਖ ਮਸਜਿਦ ਵਿੱਚ ਮੁਸਲਿਮ ਭਾਈਚਾਰੇ ਵੱਲੋਂ ਨਮਾਜ਼ ਅਦਾ ਕਰ ਕੇ ਈਦ ਦਾ ਤਿਉਹਾਰ ਬੜੇ ਚਾਵਾਂ



ਨਾਲ ਮਨਾਇਆ ਗਿਆ ।ਇਸ ਮੌਕੇ ਤੇ ਇਕ ਦੂਜੇ ਦੇ ਗਲ ਲੱਗ ਕੇ ਈਦ ਦੀ ਮੁਬਾਰਕਬਾਦ ਦਿੱਤੀ ਗਈ ।

ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ,ਗੁਰਪ੍ਰੀਤ ਸਿੰਘ ਚੀਦਾ ਅਤੇ ਨੌਜਵਾਨ ਭਾਰਤ ਸਭਾ ਦੇ ਵੀਰ ਕੁਮਾਰ ਨੇ ਮਸਜਿਦ ਚ ਜੁੜੇ ਭਾਈਚਾਰੇ ਨੂੰ ਮੁਬਾਰਕਬਾਦ ਦਿੱਤੀ ।ਇਸ ਮੌਕੇ ਮੁਸਲਿਮ ਆਗੂ ਮੁਹੰਮਦ ਅਯੂਬ,ਸੁਲਤਾਨ ਅੰਸਾਰੀ,ਕਲੀਮ ,ਅਬਦੁਲ ਸਮੀ,ਜੀਸ਼ਾਨ ਆਦਿ ਮੁਸਲਿਮ ਭਾਈਚਾਰਾ ਮੌਜੂਦ ਸਨ । ਇਸ ਤੋ ਇਲਾਵਾ ਨਗਰ ਕੌਂਸਲ ਦੇ ਪ੍ਰਧਾਨ ਪ੍ਰਿੰਸ ਅਰੋੜਾ, ਮਾਰਕੀਟ ਕਮੇਟੀ ਜਲੰਧਰ ਦੇ ਚੇਅਰਮੈਨ ਰਾਜ ਕੁਮਾਰ ਅਰੋੜਾ, ਸਿਟੀ ਕਾਂਗਰਸ ਪ੍ਰਧਾਨ ਵੇਦ ਪ੍ਰਕਾਸ਼ ਆਦਿ ਨੇ ਵੀ ਮੁਸਲਿਮ ਭਾਈਚਾਰੇ ਨੂੰ ਮੂੰਹ ਮਿੱਠਾ ਕਰਾਕੇ ਵਧਾਈ ਦਿੱਤੀ ਗਈ।